ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥


www.sribhainisahib.com ਜਿਲਦ-24 ਨੰਬਰ-22

20 ਤੋਂ 26 ਸਾਵਣ 2073 - 4 to 10 August 2016 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 201

## ਗੁਰੂ ਸਦਾ ਦਇਆਲੂ ਹੈ



ਹੋਰ ਜੀ ਅਸੀ ਹਰ ਤਰਾ ਸੇ ਸੁਖੀ ਅਨੰਦ ਹੈ ਸੰਗਤ ਨੂੰ ਗੁਰੂ ਸੁਖੀ ਅਨੰਦ ਰਖੇ । ਹਮੇਸਾ ਗੁਰੂ ਜੀ ਪਾਸੋ ਏਹੋ ਮੰਗਦੇ ਹਾਂ । ਹੋਰ ਬਹੁਤ ਸੁਖ ਹੈ ਪਰ ਇਕ ਦੁਖ ਸਾਨੂ ਸੰਗਤਿ ਦੇ ਵਿਛੋੜੇ ਦਾ ਹੈ ਸੋ ਜਦ ਗੁਰੂ ਜੀ ਦਾ ਹੁਕਮ ਹੋਊਗਾ ਤਾ ਇਹ ਬੀ ਦੁਖ ਤੁਰਤ ਕਟਿਆ ਜਾਊਗਾ । ਸਭ ਕਿਛ ਗੁਰੂ ਜੀ ਦੇ ਹੁਕਮ ਵਿਚ ਹੈ । ਸਾਡੇ ਮਨ ਵਿਚ ਕਿਵੇ ਹੋਵੇ ਗੁਰੂ ਸਦਾ ਦਇਆਲੂ ਹੈ ।



ਸਤਿਗੁਰੂ ਰਾਮ ਸਿੰਘ ਜੀ ਦੁਆਰਾ ਦੱਸੇ ਮਾਰਗ ਤੇ ਚਲਦਿਆ ਦੇਸ਼ ਦੀ ਆਜ਼ਾਦੀ ਅਤੇ ਗਊ ਦੀ ਰੱਖਿਆ ਹਿੱਤ ਆਪਣੀ ਜਾਨ ਨਿਛਾਵਰ ਕਰਨ ਵਾਲੇ ਤਿੰਨ ਮਹਾਨ ਯੋਧੇ ਸ਼ਹੀਦ ਸੰਤ ਗੁਰਮੁਖ ਸਿੰਘ, ਸੰਤ ਮੰਗਲ ਸਿੰਘ ਅਤੇ ਸੰਤ ਮਸਤਾਨ ਸਿੰਘ ਰਾਏਕੋਟ ਵਿਖੇ ਆਪਣੇ ਗਲਾਂ ਵਿੱਚ ਰੇਸ਼ਮੀ ਰੱਸੇ ਪਾ ਫਾਂਸੀ ਦੇ ਫੰਦਿਆ ਨੂੰ ਚੁੰਮਦੇ ਹੋਏ ।

## ਰਾਏਕੋਟ ਦਾ ਸ਼ਹੀਦੀ ਸਾਕਾ

✍ ਪ੍ਰਿੰ: ਬੇਅੰਤ ਕੌਰ

ਰਾਏਕੋਟ ਜ਼ਿਲਾ ਲੁਧਿਆਣਾ ਤੋਂ 50 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਇਥੇ ਵੱਖ ਵੱਖ ਜਾਤਾਂ ਦੇ ਲੋਕ ਵਸਦੇ ਹਨ। ਸੰਮਤ 1817 ਵਿੱਚ ਇਥੋਂ ਦਾ ਮਾਲਕ ਕਲ੍ਹਾ ਰਾਏ ਸੀ ਅਤੇ ਕੁਝ ਪਿੰਡਾਂ ਦਾ ਚੌਧਰੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਦੀ ਜੰਗ ਤੋਂ ਬਾਅਦ ਇਸ ਪਿੰਡ ਦੇ ਪੱਛਮੀ ਭਾਗ ਵਿਚ ਆਣ ਦਰਸ਼ਨ ਦਿੱਤੇ। ਕੱਲੇ ਦੇ ਮਨ ਵਿਚ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਤਾਂਘ ਉਠੀ ਤਾਂ ਉਸਨੇ ਆਪਣਾ ਅਹਿਲਕਾਰ ਭੇਜ ਕੇ ਦਰਸ਼ਨਾਂ ਦੀ ਮੰਗ ਕੀਤੀ। ਸ੍ਰੀ ਸਤਿਗੁਰੂ ਜੀ ਨੇ ਫੁਰਮਾਇਆ ਕਿ ਉਹ ਤਾਂ ਬਾਦਸ਼ਾਹ ਦੇ ਬਾਗੀ ਹਨ, ਫਿਰ ਉਹ ਕਿਸ ਭਾਵਨਾ ਨਾਲ ਦਰਸ਼ਨ ਕਰਨੇ ਚਾਹੁੰਦਾ ਹੈ। ਕੱਲਾ ਰਾਏ ਨੇਕ ਦਿਲ ਆਦਮੀ ਸੀ ਅਤੇ ਗਊ ਦੀ ਰੱਖਿਆ ਕਰਨਾ ਚਾਹੁੰਦਾ ਸੀ। ਉਸ ਨੇ ਤੁਰਕਾਂ ਨੂੰ ਵੀ ਗਊ ਬੱਧ ਤੋਂ ਰੋਕਿਆ ਸੀ ਅਤੇ ਇਸ ਦਾ ਸਾਖੀ ਦਰਿਆ ਸਤਿਲੁਜ ਨੂੰ ਬਣਾ ਲਿਆ ਸੀ। ਕੁਝ ਚਿਰ ਪਿਛੋਂ, ਫਿਰ ਤੁਰਕਾਂ ਨੇ ਗਊ ਬੱਧ ਸ਼ੁਰੂ ਕਰ ਦਿੱਤਾ, ਦਰਿਆ ਸਤਿਲੁਜ ਵਿਚ ਹੜ੍ਹ ਆ ਗਿਆ, ਪਾਣੀ ਨੇ ਉਛਲ ਕੇ ਬੜੀ ਤੇਜੀ ਨਾਲ ਕਿਨਾਰੇ ਪਾਰ ਕਰਦਿਆਂ ਹੋਇਆਂ ਜ਼ਾਲਮਾਂ, ਦੁਸ਼ਟਾਂ ਨੂੰ ਮਾਰ ਮੁਕਾਇਆ। ਸੱਚੇ ਪਾਤਸ਼ਾਹ ਜੀ ਕੱਲ੍ਹੇ ਰਾਏ ਬਾਰੇ ਸੁਣ ਕੇ ਅਤਿ ਪ੍ਰਸੰਨ ਹੋਏ ਅਤੇ ਕੱਲ੍ਹੇ ਰਾਏ ਨੂੰ ਦਰਸ਼ਨ ਕਰਨ ਦੀ ਆਗਿਆ ਦੇ ਦਿੱਤੀ। ਸੂਰਜ ਪ੍ਰਕਾਸ਼ ਵਿਚ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ-

**ਸ੍ਰੀ ਗੁਰੂ ਕ੍ਰਿਪਾ ਤੇ ਇਸ ਰਾਇ ਕਲੇਰਾ।**
**ਕਰਤਿ ਸਦਾ ਸਤਿਸੰਗ ਕੇ ਕਰਿ ਪੁੰਨ ਬਡੇਰਾ।**
**ਸੁਨਿ ਕਰਿ ਸ੍ਰੀ ਸਤਿਗੁਰ ਕਹਯੋ ਆਛੋ ਪਦ ਪੈ ਹੈ।**
**ਕਹਿ ਸਜ਼ਾਇ ਪਰਲੋਕ ਮਹਿ ਨੀ ਕੇ ਮਰਾ ਜੈ ਹੈ।**
**ਸਾਧ ਸਾਧ ਇਸ ਕੋ ਕਰਮ ਸਤੁੱਦ੍ਰਵ ਭੀ ਮਾਨਾ।**
**ਸੁਨਿ ਕਰਿ ਕੱਲੇ ਰਾਇ ਤਬਿ ਅਭਿ ਬੰਦਨ ਠਾਨਾ।**

ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਕੁਝ ਚਿਰ ਇਥੇ ਰਹੇ। ਇਥੇ ਹੀ ਸਤਿਗੁਰੂ ਜੀ ਦੇ ਹੁਕਮ ਨਾਲ ਕਲ੍ਹੇ ਰਾਏ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਪਤਾ ਕਰਨ ਵਾਸਤੇ ਮਾਹੀ ਨੂੰ ਸਰਹਿੰਦ ਭੇਜਿਆ, ਜਿਸ ਨੇ ਆਕੇ ਉੱਥੇ ਦਾ ਸਾਰਾ ਹਾਲ ਦੱਸਿਆ।

(ਬਾਕੀ ਸਫਾ 2 'ਤੇ)

## ਜਦੋਂ ਇੱਕ-ਦੂਜੇ ਦੀ ਨਿੰਦਿਆਂ ਕਰਦੇ ਹਾਂ ਤਾਂ ਸਿੱਖੀ ਤੋਂ ਬਹੁਤ ਦੂਰ ਚਲੇ ਜਾਂਦੇ ਹਾਂ

- ਸ੍ਰੀ ਸਤਿਗੁਰੂ ਉਦੈ ਸਿੰਘ ਜੀ

**ਜੁਲਾਈ-24-** ਕਨੇਡਾ ਦੇ ਦੌਰੇ ਦੌਰਾਨ ਟਰਾਂਟੋ ਨੇੜਲੇ ਬਰੈਂਮਟਨ ਸ਼ਹਿਰ ਵਿਖੇ ਇਥੋਂ ਦੀ ਨਾਮਧਾਰੀ ਸੰਗਤ ਵਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ੨੦੦ਵਾਂ ਪ੍ਰਕਾਸ਼ ਵਰ੍ਹਾਂ ਕਥਾ-ਕੀਰਤਨ, ਨਾਮ-ਸਿਮਰਨ ਤੇ ਵਿਦਿਵਾਨਾਂ ਨੇ ਲੈਕਚਰ ਕਰਵਾ ਕੇ ਬੜੀ ਉੱਚ ਪੱਧਰ ਤੇ ਮਨਾਇਆ ਗਿਆ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਇਸ ਸਮੇਂ ਆਪਣੇ ਪਵਿੱਤਰ ਉਪਦੇਸ਼ ਰਾਹੀਂ ਸਾਧ-ਸੰਗਤ ਨੂੰ ਫੁਰਮਾਇਆ ਕਿ "ਜਦੋਂ (ਅਸੀਂ) ਇੱਕ ਦੂਜੇ ਦੀ ਨਿੰਦਿਆ ਕਰਦੇ ਹਾਂ ਤਾਂ ਸਿੱਖੀ ਤੋਂ ਬਹੁਤ ਦੂਰ ਚਲੇ ਜਾਂਦੇ ਹਾਂ।"

ਆਪਣੇ ਫੁਰਮਾਇਆ ਕਿ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨ ਸਮੇਂ ਗੁਰੂ ਸਾਹਿਬਾਨ ਨੇ ਇਹ ਨਹੀਂ ਕਿਹਾ ਇਹ ਹਿੰਦੂ ਦੀ ਬਾਣੀ ਹੈ, ਇਹ ਮੁਸਲਮਾਨ ਦੀ ਬਾਣੀ ਹੈ। ਸਗੋਂ ਜਿਹਨਾਂ ਵੀ ਸਾਧੂ-ਫਕੀਰਾਂ ਦੀ ਬਾਣੀ ਨੇ ਅਧਿਆਤਮਕ ਦੀ ਗੱਲ ਕੀਤੀ ਜਾਂ ਉਹਨਾਂ ਦੇ ਵਿਚਾਰਾਂ ਨਾਲ ਮੇਲ ਖਾਧੀ ਤੇ ਉਸਨੂੰ ਸ੍ਰੀ ਗ੍ਰੰਥ ਸਾਹਿਬ ਚ ਸਥਾਨ ਦਿੱਤਾ। ਉਹਨਾਂ ਕਿਸੇ ਵੀ ਧਰਮ ਨੂੰ ਮਾੜਾ ਨਹੀਂ ਕਿਹਾ ਤੇ ਨਾਂ ਹੀ ਕਿਸੇ ਧਰਮ ਦੀ ਨਿੰਦਿਆ ਕੀਤੀ ਹੈ। ਪਰ ਅੱਜ ਕੱਲ ਜਦੋਂ Social Media ਤੇ ਜਾਂ ਕੇ ਕਿਤੇ ਧਰਮ ਬਾਰੇ ਵੇਖੀਏ ਤਾਂ ਇੱਕ ਦੂਜੇ ਨੂੰ ਬਹੁਤ ਮਾੜਾ ਬੋਲਿਆ ਜਾਂਦਾ ਹੈ ਜਿਸਦਾ ਸਿੱਖੀ 'ਚ ਸਤਿਗੁਰੂ ਸਾਹਿਬਾਨ ਅਨੁਸਾਰ ਕੋਈ ਥਾਂ ਨਹੀਂ।

ਇਸ ਸਮੇਂ ਆਪ ਨੇ ਸੰਗਤ ਨੂੰ ਆਪਣਾ ਕਿਰਦਾਰ ਉੱਚਾ ਕਰਨ ਲਈ ਵੀ ਕਿਹਾ ਕਿ ਸਾਡਾ ਕਿਰਦਾਰ ਉਨਾਂ ਉੱਚਾ ਹੋਣਾ ਚਾਹੀਦਾ ਹੈ ਜਿੱਦਾਂ ਦਾ ਸਤਿਗੁਰੂ ਰਾਮ ਸਿੰਘ ਦੇ ਸਮੇਂ ਉਹਨਾਂ ਦੇ ਸਿੱਖਾਂ ਦਾ ਸੀ। ਜਿਹਨਾਂ ਨੂੰ ਆਪਣੀ ਮੌਤ ਦਾ ਵੀ ਡਰ ਨਹੀਂ ਸੀ ਤੇ ਉਹ ਹੱਸਦੇ-ਹੱਸਦੇ ਸ਼ਹੀਦ ਹੋਏ। ਜਿਹਨਾਂ ਚਿਰ ਕਿਰਦਾਰ ਉੱਚਾ ਨਹੀਂ ਹੁੰਦਾ ਅਸੀਂ ਚਿੰਤਾਵਾਂ ਦੇ ਘੇਰੇ ਚੋਂ ਨਹੀਂ ਨਿਕਲ ਸਕਦੇ।

ਆਪਨੇ ਹੋਰ ਫੁਰਮਾਇਆ ਕਿ ਸਿੱਖੀ ਨਾਲ ਜੁੜੇ ਰਹਿਣ ਲਈ ਜ਼ਰੂਰੀ ਹੈ ਕਿ ਅਸੀਂ ਪੰਜਾਬੀ ਨਾਲ ਜੁੜੇ ਰਹੀਏ ਤੇ ਆਪਣੇ ਬੱਚਿਆ ਨੂੰ ਪੰਜਾਬੀ ਭਾਸ਼ਾ ਜ਼ਰੂਰ ਸਿੱਖਾਈਏ।

ਗੁਰਦੀਪ ਸਿੰਘ ਨਾਮਧਾਰੀ

# ਰਾਏਕੋਟ ਦਾ ਸ਼ਹੀਦੀ ਸਾਕਾ...(ਬਾਕੀ ਸਫਾ 1 ਦੀ)

ਅੰਗ੍ਰੇਜ਼ਾਂ ਨੇ ਮਾਸ ਖਾਣ ਦੀ ਲੋੜ ਨੂੰ ਪੂਰਾ ਕਰਨ ਲਈ ਰਾਏਕੋਟ ਵਿਖੇ ਸੁਥਰਿਆਂ ਦੀ ਧਰਮਸ਼ਾਲਾ ਨੇੜੇ ਵੀ ਬੁੱਚੜਖਾਨਾ ਖੋਲ੍ਹ ਦਿੱਤਾ। ਇੱਥੇ ਦੋ ਬੁੱਚੜ ਰਾਂਝਾ ਅਤੇ ਬੂਟਾ ਆਪਣੇ ਦੁਰਵਿਵਹਾਰ ਕਰਕੇ, ਮਾੜੇ ਕਰਮਾਂ ਕਰਕੇ ਜਾਣੇ ਜਾਂਦੇ ਸਨ। ਸਾਰਾ ਦਿਨ ਉਹ ਗਊ ਬੱਧ ਕਰਦੇ ਅਤੇ ਮਰੇ ਹੋਏ ਜਾਨਵਰਾਂ ਦੀਆਂ ਹੱਡੀਆਂ ਛੱਪੜ ਵਿਚ ਜਾ ਕੇ ਸੁੱਟ ਦਿੰਦੇ, ਜਿਥੇ ਗਊਆਂ ਮੱਝਾਂ ਆਦਿ ਪਾਣੀ ਪੀ ਕੇ ਆਪਣੀ ਪਿਆਸ ਤ੍ਰਿਪਤ ਕਰਦੀਆਂ ਸਨ। ਗਊ ਦਾ ਮਾਸ ਬਿਨਾਂ ਢਕੇ ਹੀ ਗਲੀਆਂ ਵਿਚੋਂ ਲੰਘਦੇ, ਜਿਸਨੂੰ ਵੇਖਕੇ ਹਿੰਦੂ ਅਤੇ ਸਿਖਾਂ ਦੀਆਂ ਭਾਵਨਾਵਾਂ ਨੂੰ ਬਹੁਤ ਠੇਸ ਪਹੁੰਚਦੀ। ਧਰਮਸ਼ਾਲਾ ਵਿਖੇ ਰਹਿੰਦੇ ਮੁਸਾਫਿਰ ਵੀ ਬੜੇ ਦੁੱਖੀ ਹੁੰਦੇ ਸਨ। ਇਕ ਦਿਨ ਕੁਝ ਨਾਮਧਾਰੀ ਸਿੰਘ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਜਾ ਰਹੇ ਸਨ, ਤਾਂ ਰਸਤੇ ਵਿਚ ਥੋੜੇ ਚਿਰ ਲਈ ਉਹ ਇਸ ਧਰਮਸ਼ਾਲਾ ਵਿਚ ਰੁਕੇ। ਉਹਨਾਂ ਨੇ ਵੀ ਜਦੋਂ ਬੁੱਚੜਖਾਨੇ ਵਿਚੋਂ ਆਉਂਦੀ ਦੁਰਗੰਧ ਨੂੰ ਮਹਿਸੂਸ ਕੀਤਾ ਅਤੇ ਦੁਖੀ ਲੋਕਾਂ ਦੀ ਪੀੜਾ ਨੂੰ ਸੁਣਿਆ ਤਾਂ ਉਹ ਇਹ ਸਭ ਨਾ ਸਹਾਰ ਸਕੇ। ਉਹਨਾਂ ਨੇ ਇਹ ਪੱਕਾ ਫੈਸਲਾ ਕਰ ਲਿਆ ਕਿ ਉਹ ਬੁੱਚੜਾਂ ਨੂੰ ਮਾਰ ਕੇ, ਗਊਆਂ ਦੀ ਰੱਖਿਆ ਕਰਨਗੇ ਅਤੇ ਉਥੇ ਦੇ ਲੋਕਾਂ ਨੂੰ ਸੁਖ ਸੁਵਿਧਾ ਪ੍ਰਦਾਨ ਕਰਨਗੇ।

ਨਾਮਧਾਰੀ ਸਿੰਘਾਂ ਨੂੰ ਇਹ ਸਭ ਕੁਝ ਸਹਾਰਨਾ ਬਹੁਤ ਕਠਿਨ ਹੋ ਗਿਆ। ਉਹਨਾਂ ਨੇ ਇਸ ਜ਼ਬਰ ਜ਼ੁਲਮ ਦਾ ਖਾਤਮਾ ਕਰਨ ਲਈ, ਨੇੜੇ ਦੇ ਇਕ ਪਿੰਡ ਤਾਜ਼ਪੁਰ ਵਿਖੇ ਜਾ ਕੇ, ਮਿਲ ਬੈਠ ਕੇ ਵਿਊਂਤ ਬਣਾਈ। ਆਪਣੇ ਕੋਲ ਲੋੜੀਂਦੇ ਹਥਿਆਰ ਇਕੱਠੇ ਕਰ ਲਏ। ਸਿੰਘਾਂ ਨੇ ਆਪਣਾ ਨਿਤਨੇਮ ਕਰਕੇ ਕੜਾਹ ਪ੍ਰਸ਼ਾਦ ਦੇ ਗੱਫੇ ਵਰਤਾਏ ਅਤੇ ਆਪਣੇ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਕੇ ਆਪਣੀ ਮੰਜ਼ਿਲ ਵਲ ਤੁਰ ਪਏ। ਉਹ ਊਠਾਂ ਤੇ ਆਪਣੇ ਸ਼ਸ਼ਤਰਾਂ ਨੂੰ ਲੁਕਾ ਛਿਪਾ ਕੇ, ਰਾਏਕੋਟ ਵਾਪਿਸ ਆ ਗਏ। ਉਸ ਵੇਲੇ ਜ਼ੋਰਾਂ ਦੀ ਬਾਰਿਸ਼ ਹੋ ਰਹੀ ਸੀ ਅਤੇ ਮੀਂਹ ਦੇ ਪਾਣੀ ਦੀ ਭਰਮਾਰ ਸੀ। ਉਹ ਗੋਡੇ ਗੋਡੇ ਪਾਣੀ ਲੰਘਦੇ ਹੋਏ, ਅਗਾਂਹ ਵਧਦੇ ਗਏ। ਬੁੱਚੜਖਾਨੇ ਕੋਲ ਪਹੁੰਚ ਕੇ ਉਹਨਾਂ ਨੇ ਜ਼ੋਰ ਜ਼ੋਰ ਦੀ ਦਰਵਾਜਾ ਖੜਕਾਇਆ। ਅੰਦਰੋਂ ਪੁੱਛਣ ਤੇ ਕਿ ਉਹਨਾਂ ਨੂੰ ਕੀ ਚਾਹੀਦਾ ਹੈ ਉੱਤਰ ਵਿਚ ਉਹਨਾਂ ਨੇ ਕਿਹਾ ਕਿ ਉਹਨਾਂ ਨੂੰ ਹੁੱਕੇ ਤੇ ਧਰਨ ਲਈ ਥੋੜੀ ਜੇਹੀ ਅੱਗ ਦੀ ਲੋੜ ਹੈ। ਇਹ ਸੁਣਦਿਆਂ ਸਾਰ ਜਿਉਂ ਹੀ ਬੁੱਚੜਖਾਨੇ ਦਾ ਦਰਵਾਜਾ ਖੁੱਲ੍ਹਿਆ। ਤਿੰਨ ਸਿੰਘ ਇਕਦਮ ਅੰਦਰ ਵੜ ਗਏ ਅਤੇ ਬਾਕੀ ਦੇ ਤਿੰਨ ਦਰਵਾਜੇ ਤੇ ਖਲੋ ਕੇ ਪਹਿਰਾ ਦੇਣ ਲੱਗ ਪਏ। ਉਹਨਾਂ ਨੇ ਆਪਣੀ ਪੂਜਣਯੋਗ ਗਊਆਂ ਦੇ ਰੱਸੇ ਖੋਲ੍ਹ ਦਿੱਤੇ, ਉਹਨਾਂ ਦੇ ਕਸਟਾਂ ਦਾ ਨਿਵਾਰਨ ਕੀਤਾ। ਸਿੰਘਾਂ ਨੇ ਦੋ ਬੁੱਚੜ ਮਾਰ ਦਿੱਤੇ ਅਤੇ ਸੱਤ ਜ਼ਖਮੀ ਕਰ ਦਿੱਤੇ। ਇਸ ਤਰ੍ਹਾਂ ਉਹਨਾਂ ਨੇ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਸੁੰਦਰ ਸ਼ਬਦਾਂ ਨੂੰ ਸਾਕਾਰ ਕੀਤਾ।

***ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ।।***
***ਗਊ ਘਾਤ ਕਾ ਦੋਖ ਜਗ ਸਿਉ ਮਿਟਾਊ।।***
***-ਯਹੀ ਆਸ ਪੂਰਨ ਕਰਹੁ ਤੁਮ ਹਮਾਰੀ।।***
***ਮਿਟੈ ਕਸਟ ਗਊਅਨ ਛੂਟੈ ਖੇਦ ਭਾਰੀ।।***

ਇਸ ਤਰ੍ਹਾਂ 15-7-1871 ਨੂੰ ਗਊਆਂ ਦਾ ਕਸ਼ਟ ਨਿਵਾਰਨ ਉਪਰੰਤ ਸੰਤ ਮਸਤਾਨ ਸਿੰਘ, ਸੰਤ ਮੰਗਲ ਸਿੰਘ ਅਤੇ ਗੁਰਮੁਖ ਸਿੰਘ ਆਪਣੇ ਪਿੰਡ ਪਿਥੋਂ ਰਿਆਸਤ ਪਟਿਆਲਾ ਨੂੰ ਚਲ ਪਏ ਅਤੇ ਰਸਤੇ ਵਿਚ ਛੀਨੀਵਾਲ ਦਲੂ ਨੂੰ ਹਥਿਆਰ ਵਾਪਿਸ ਕਰ ਦਿੱਤੇ ਅਤੇ ਉਸਨੇ ਉਹਨਾਂ ਹਥਿਆਰਾਂ ਨੂੰ ਜ਼ਮੀਨ ਵਿਚ ਦੱਬ ਦਿੱਤਾ। ਭਗਵਾਨ ਸਿੰਘ ਅੜਬੰਗੀ, ਬੀਰ ਸਿੰਘ ਅਤੇ ਅਤਰ ਸਿੰਘ ਆਪਣੇ ਆਪਣੇ ਘਰਾਂ ਨੂੰ ਵਾਪਿਸ ਪਰਤ ਗਏ। ਦਿਨ ਚੜੇ ਨਾਲ ਪਿੰਡ ਵਿਚ ਰੌਲਾ ਪੈ ਗਿਆ ਅਤੇ ਪੁਲਿਸ ਨੇ ਕਾਤਲਾਂ ਦੀ ਭਾਲ ਸ਼ੁਰੂ ਕਰ ਦਿੱਤੀ। ਦਲੂ ਕੋਲੋਂ ਪੁਛ ਪੜਤਾਲ ਕੀਤੀ ਗਈ ਅਤੇ ਉਸਨੇ ਉਹਨਾਂ ਤਿੰਨ ਨਾਮਧਾਰੀ ਸਿੰਘਾਂ ਦੇ ਨਾਮ ਦੱਸ ਦਿੱਤੇ। ਦੂਲਾ ਸਿੰਘ ਨੇ ਨਾਮਧਾਰੀ ਸਿੰਘਾਂ ਨੂੰ ਪੁਲਿਸ ਦੇ ਆਉਣ ਦੀ ਖਬਰ ਦਿੰਦੇ ਹੋਏ ਭੱਜ ਜਾਣ ਦੀ ਸਲਾਹ ਦਿੱਤੀ। ਪਰ ਸਿੰਘ ਕਾਇਰ ਨਹੀਂ ਸਨ, ਉਹਨਾਂ ਵਿਚੋਂ ਮਸਤਾਨ ਸਿੰਘ ਨੇ ਕਿਹਾ ਕਿ ਜੇਕਰ ਉਹ ਉਥੋਂ ਭੱਜ ਜਾਣਗੇ ਤਾਂ ਹੋਰ ਨਿਰਦੋਸ ਸਿੰਘਾਂ ਨੂੰ ਪੁਲਿਸ ਫੜ ਲਵੇਗੀ। ਉਹਨਾਂ ਨੇ ਕਤਲ ਕੀਤੇ ਹਨ ਅਤੇ ਉਹ ਹੀ ਆਪਣੇ ਇਸ ਕਾਰਜ ਲਈ ਸਜ਼ਾ ਭੁਗਤਣ ਲਈ ਤਿਆਰ ਹਨ। ਸੂਰਬੀਰ ਵਰਿਆਮ ਸਿੰਘ ਨੇ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕੀਤਾ ਸੀ, ਸਪਸ਼ਟ ਰੂਪ ਵਿਚ ਪ੍ਰਵਾਨ ਕਰ ਲਿਆ। ਉਹਨਾਂ ਦੇ ਸੁੰਦਰ ਮੁਖੜਿਆਂ ਉੱਤੇ ਸਚਾਈ ਅਤੇ ਨਾਮ ਦੀ ਲਾਲੀ ਸੀ। ਉਹਨਾਂ ਦੇ ਇਸ ਕਾਰਨਾਮੇ ਨੇ ਫਰੰਗੀਆਂ ਨੂੰ ਵਿਸਮਾਦਿਤ ਕਰ ਦਿੱਤਾ।

ਅੰਤ ਵਿਚ ਸਿੰਘਾਂ ਨੂੰ ਫੜ ਲਿਆ ਗਿਆ। 27 ਜੁਲਾਈ 1871 ਨੂੰ ਸ਼ੈਸ਼ਨ ਜੱਜ ਨੇ ਮਸਤਾਨ ਸਿੰਘ, ਗੁਰਮੁੱਖ ਸਿੰਘ, ਮੰਗਲ ਸਿੰਘ ਪਿਥੋ ਪਿੰਡ ਨੂੰ ਮੌਤ ਦੀ ਸਜਾ ਸੁਣਾ ਦਿੱਤੀ। 5 ਅਗਸਤ 1871 ਨੂੰ ਬੁੱਚੜਖਾਨੇ ਦੇ ਨੇੜੇ ਸੂਰਜ ਦੀ ਟਿਕੀ ਚੜਨ ਨਾਲ ਹੀ ਲੋਕਾਂ ਦੇ ਸਾਹਮਣੇ ਫਾਂਸੀ ਦੇ ਕੇ ਇਹਨਾਂ ਤਿੰਨਾਂ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਗਿਆ।

ਪੁਲਿਸ ਦੇ ਡਰਾਉਣ ਧਮਕਾਉਣ ਤੇ ਦਲੂ ਨੇ ਸੂਬਾ ਗਿਆਨੀ ਰਤਨ ਸਿੰਘ ਅਤੇ ਰਤਨ ਸਿੰਘ ਨਾਈਵਾਲੇ ਦੇ ਨਾਂ ਲੈ ਦਿਤੇ ਕਿ ਇਹ ਵੀ ਕਾਤਲਾਂ ਵਿਚ ਸ਼ਾਮਿਲ ਸਨ। ਉਸਦੇ ਕਹਿਣ ਅਨੁਸਾਰ ਹਾਕਮ ਸੂਬਾ ਗਿਆਨੀ ਰਤਨ ਸਿੰਘ ਅਤੇ ਰਤਨ ਸਿੰਘ ਨਾਈਵਾਲੇ ਨੂੰ ਗ੍ਰਿਫਤਾਰ ਕਰਕੇ ਲੁਧਿਆਣੇ ਲੈ ਗਏ। ਇਹ ਬਿਲਕੁਲ ਨਿਰਦੋਸ਼ ਸਨ, ਪਰ ਇਹਨਾਂ ਤੇ ਇਲਜ਼ਾਮ ਇਹ ਲਾਇਆ ਗਿਆ ਕਿ ਇਹਨਾਂ ਭਾਵੇਂ ਬੁੱਚੜ ਨਹੀਂ ਮਾਰੇ ਪਰ ਬੁੱਚੜ ਮਾਰਨ ਵਾਲਿਆਂ ਨੂੰ ਹਲਾਸ਼ੇਰੀ ਦੇ ਕੇ ਬੁੱਚੜ ਮਾਰਨ ਲਈ ਪ੍ਰੇਰਿਆ ਹੈ। ਇਹਨਾਂ ਨੂੰ 26 ਨਵੰਬਰ 1871 ਨੂੰ ਸੈਂਟਰਲ ਜੇਲ ਲੁਧਿਆਣਾ ਦੇ ਬਾਹਰ ਫਾਂਸੀ ਦੇ ਦਿੱਤੀ ਗਈ। ਇਹਨਾਂ ਸੂਰਬੀਰਾਂ ਨੇ ਫਾਂਸੀ ਚੜ੍ਹਨ ਤੋਂ ਪਹਿਲਾਂ ਇਸ਼ਨਾਨ ਕੀਤਾ, ਸਫੈਦ ਬਸਤ੍ਰ ਪਹਿਨੇ, ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਅਤੇ ਰੇਸ਼ਮ ਦੇ ਰੱਸੇ ਗੱਲ ਵਿਚ ਪਾ ਕੇ ਹੱਸਦੇ ਹੱਸਦੇ ਖਿੜੇ ਮੱਥੇ ਸ਼ਹੀਦ ਹੋ ਗਏ।

**1. ਸ. ਗੁਰਮੁਖ ਸਿੰਘ** - ਦੇ ਪਿਤਾ ਦਾ ਨਾਮ ਮੋਹਰ ਸਿੰਘ ਅਤੇ ਮਾਤਾ ਦਾ ਨਾਮ ਅਤਰ ਕੌਰ ਸੀ। ਇਹਨਾਂ ਦੀ ਗੋਤ ਭੁੱਲਰ ਸੀ ਅਤੇ ਇਹਨਾਂ ਦਾ ਪਿੰਡ ਪਿਥੋ ਸੀ। ਇਹ 30 ਸਾਲ ਦੀ ਆਯੂ ਦੇ ਨੌਜਵਾਨ ਗਭਰੂ ਸਨ। ਇਹਨਾਂ ਨੇ ਆਪਣੀ ਜੁਆਨੀ ਧਰਮ ਅਤੇ ਦੇਸ਼ ਉਤੇ ਵਾਰ ਦਿੱਤੀ।

**2. ਸ. ਮਸਤਾਨ ਸਿੰਘ** - ਦੇ ਪਿਤਾ ਦਾ ਨਾਮ ਕਿਸ਼ਨ ਸਿੰਘ ਅਤੇ ਮਾਤਾ ਖੇਮ ਕੌਰ ਸੀ। ਇਹ ਵੀ ਜਾਤ ਦੇ ਭੁੱਲਰ ਸਨ। ਇਹਨਾਂ ਦੀ ਆਯੂ ਸਿਰਫ 22 ਸਾਲ ਹੀ ਸੀ। ਇਹਨਾਂ ਨੇ ਚੜ੍ਹਦੀ ਜਵਾਨੀ ਵਿਚ ਸ਼ਹੀਦ ਹੋ ਕੇ ਆਪਾ ਬਲਿਦਾਨ ਕਰ ਦਿੱਤਾ।

**3. ਸ. ਮੰਗਲ ਸਿੰਘ** - ਦੇ ਪਿਤਾ ਸ. ਦੌਲਤ ਸਿੰਘ ਅਤੇ ਮਾਤਾ ਰਤੀ ਜੀ ਸਨ। ਇਹਨਾਂ ਦੀ ਗੋਤ ਵੀ ਭੁੱਲਰ ਸੀ। ਇਹ ਵੀ ਨੌਜਵਾਨ ਗਭਰੂ 28 ਸਾਲ ਦੇ ਸਨ ਜਦੋਂ ਖਿੜੇ ਮੱਥੇ ਸ਼ਹਾਦਤ ਪ੍ਰਵਾਨ ਕਰ ਲਈ।

**4. ਸੂਬਾ ਗਿਆਨੀ ਰਤਨ ਸਿੰਘ**- ਦੇ ਪਿਤਾ ਰਾਮ ਕ੍ਰਿਸ਼ਨ ਜੀ ਅਤੇ ਮਾਤਾ ਦਾ ਨਾਮ ਰਾਮਪੁਰੀ ਸੀ। ਇਹ ਮੋਰੀ ਪਿੰਡ ਰਿਆਸਤ ਪਟਿਆਲਾ ਦੇ ਜੱਟ ਸਨ। ਛੋਟੀ ਆਯੂ ਵਿਚ ਇਹਨਾਂ ਦੇ ਮਾਤਾ ਪਿਤਾ ਸੁਰਗਪੁਰੀ ਸਿਧਾਰ ਗਏ। ਸਤਿਗੁਰੂ ਰਾਮ ਸਿੰਘ ਜੀ ਨੇ ਇਹਨਾਂ ਦੇ ਅਧਿਆਤਮਕ ਜੀਵਨ ਕਰਕੇ ਇਹਨਾਂ ਨੂੰ ਸੰਮਤ 1922 ਵਿਚ ਸੂਬਾ ਥਾਪ ਦਿੱਤਾ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸਿਖਾਂ ਨੂੰ ਇਹ ਹੁਕਮ ਕੀਤਾ ਹੋਇਆ ਸੀ ਕਿ ਉਹ ਆਪਣੇ ਝਗੜਿਆਂ, ਲੜਾਈਆਂ ਦਾ ਨਿਪਟਾਰਾ ਕਰਨ ਲਈ ਕਚਹਿਰੀਆਂ ਵਿਚ ਨਹੀਂ ਜਾਣਗੇ। ਉਹਨਾਂ ਦੇ ਸਾਰੇ ਝਗੜਿਆਂ ਦੇ ਫੈਸਲੇ ਸੂਬੇ ਆਦਿ ਕਰਦੇ ਸਨ। ਸੂਬਾ ਗਿਆਨੀ ਰਤਨ ਸਿੰਘ ਜੀ ਵੀ ਨਾਮਧਾਰੀ ਸੰਸਥਾ ਦਾ ਇਹ ਕੰਮ ਕਰਦੇ ਸਨ। ਇਸ ਲਈ ਉਹ ਕਦੇ ਵੀ ਆਲਸ ਨਾ ਕਰਦੇ ਅਤੇ ਆਪਣੇ ਫੈਸਲੇ ਤੁਰੰਤ ਕਰਕੇ ਝਗੜਿਆਂ ਦਾ ਨਿਪਟਾਰਾ ਕਰਨ ਵਿਚ ਰਤੀ ਭਰ ਵੀ ਢਿਲ ਨਾ ਕਰਦੇ। ਜਦੋਂ ਇਹ ਫਾਂਸੀ ਦੇ ਤਖਤੇ ਤੇ ਚੜਨ ਲਗੇ ਤਾਂ ਅੰਗਰੇਜ਼ ਹਾਕਮ ਇਸ ਦਰਦਨਾਕ ਦ੍ਰਿਸ਼ ਦਾ ਸਾਹਮਣਾ ਕਰਨ ਤੋਂ ਅਸਮਰੱਥ ਸੀ। ਉਹ ਇਹਨਾਂ ਵੱਲ ਪਿੱਠ ਕਰਕੇ ਖਲੋ ਗਿਆ। ਦਲੇਰ ਵਰਿਆਮ ਸੂਬਾ ਜੀ ਨੇ ਕਿਹਾ, "ਓਏ ਬਿੱਲਿਆ ਤੂੰ ਮੇਰੇ ਵੱਲ ਪਿੱਠ ਕਰਕੇ ਕਿਉਂ ਖਲੋਤਾ ਹੈਂ ? ਮੂੰਹ ਤਾਂ ਮੇਰੇ ਸਾਹਮਣੇ ਰੱਖ। ਇਹ ਕੰਮ ਇਥੇ ਹੀ ਨਹੀਂ ਮੁੱਕ ਗਿਆ। ਅਸੀਂ ਫਿਰ ਜਨਮ ਲਵਾਂਗੇ ਅਤੇ ਫਰੰਗੀ ਨੂੰ ਆਪਣੇ ਦੇਸ਼ ਵਿਚੋਂ ਕੱਢ ਕੇ ਸੁਖ ਦਾ ਸਾਹ ਲਵਾਂਗੇ।" ਇਹਨਾਂ ਸੂਰਬੀਰ ਸ਼ਹੀਦਾਂ ਦਾ ਅੰਤਿਮ ਸਸਕਾਰ ਇਸ਼ਨਾਨ ਕਰਾਕੇ, ਅਰਦਾਸਾ ਸੋਧ ਕੇ ਬੁੱਢੇ ਦਰਿਆ ਦੇ ਕੰਢੇ ਕੀਤਾ ਗਿਆ। 35 ਸਾਲਾਂ ਦੀ ਉਮਰ ਵਿਚ ਇਹਨਾਂ ਦੇ ਗਊ ਗਰੀਬ ਦੀ ਰੱਖਿਆ ਲਈ ਫਾਹੀ ਦੇ ਫੰਧੇ ਨੂੰ ਆਪਣੇ ਗੱਲ ਵਿਚ ਪਾ ਕੇ ਸ਼ਹਾਦਤ ਪ੍ਰਾਪਤ ਕੀਤੀ।

**5. ਸ. ਰਤਨ ਸਿੰਘ** - ਜੀ ਦੇ ਪਿਤਾ ਬੁਧ ਸਿੰਘ ਸਨ। ਇਹ ਪਿੰਡ ਨਾਈਵਾਲੇ ਦੇ ਸਨ। ਇਹ 28 ਸਾਲ ਦੇ ਨੌਜਵਾਨ ਗਭਰੂ ਸਨ। ਸ਼ਹਾਦਤ ਪ੍ਰਾਪਤ ਕਰਕੇ ਅਮਰ ਹੋ ਗਏ।

ਇਹਨਾਂ ਅਮਰ ਸ਼ਹੀਦਾਂ ਨੇ ਅੰਗਰੇਜ਼ਾਂ ਨੂੰ ਲਲਕਾਰਿਆ ਕਿ ਇਹ ਉਹਨਾਂ ਦੇ ਆਖਰੀ ਜੀਵਨ ਦਾ ਅੰਤ ਨਹੀਂ। ਇਹ ਤਾਂ ਅਜੇ ਸ਼ੁਰੂਆਤ ਹੀ ਹੈ। ਉਹ ਫਿਰ ਦੁਬਾਰਾ ਜਨਮ ਲੈਣਗੇ ਅਤੇ ਉਹਨਾਂ ਦੀਆਂ ਜੜਾਂ ਨੂੰ ਉਖੇੜ ਕੇ ਭਾਰਤ ਵਿਚੋਂ ਕੱਢ ਕੇ ਹੀ ਛੱਡਣਗੇ। ■

# ਸਾਵਣ ਦੀ ਸੰਗਰਾਂਦ

**ਸਾਊਥਾਲ 16 ਜੁਲਾਈ**-ਅੱਜ ਸ਼ਨੀਵਾਰ ਯੂ. ਕੇ. ਦੇ ਇਸ ਕਸਬੇ ਵਿਚ ਨਾਮਧਾਰੀ ਸੰਗਤ ਸਾਊਥਾਲ ਵਲੋਂ ਸਾਵਣ ਦੇ ਮਹੀਨੇ ਸੰਬੰਧੀ ਪ੍ਰੋਗਰਾਮ ਕੀਤਾ ਗਿਆ। ਨਾਮਧਾਰੀ ਸਿੱਖ ਸੈਂਟਰ ਸਾਊਥਾਲ ਵਿਚ ਇਕ ਘੰਟਾ ਨਾਮ ਸਿਮਰਨ ਉਪਰੰਤ ਸੂਬਾ ਕੁਲਦੀਪ ਸਿੰਘ ਚਾਨਾ ਨੇ ਬਾਰਾਮਾਂਹ ਦਾ ਪਾਠ ਕੀਤਾ ਅਤੇ ਸਾਵਣ ਸਰਸੀ ਕਾਮਣੀ ਤੇ ਜ਼ੋਰ ਦਿੰਦਿਆਂ ਕਿਹਾ ਕਿ ਇਸ ਮਹੀਨੇ ਦਾ ਹਰਿਆਲੀ ਖੁਸ਼ੀਆਂ ਖੇੜਾ ਲਿਆਉਣ ਕਰਕੇ ਮਹੱਤਵ ਹੈ। ਉਹਨਾ ਸਤਿਗੁਰੂ ਬਿਲਾਸ ਵਿਚੋਂ ਕਥਾ ਵੀ ਕੀਤੀ। ਬੀਬੀਆਂ ਦੇ ਕੀਰਤਨੀ ਜਥੇ ਨੇ ***'ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ'*** ਸ਼ਬਦ ਗਾਇਨ ਕਰਕੇ ਸਾਧ ਸੰਗਤ ਵਿਚ ਆਪਣਾ ਪ੍ਰਭਾਵ ਛੱਡਿਆ। ਉਹਨਾਂ ਨੇ ਸਾਜ ਵੀ ਖੁਦ ਹੀ ਵਜਾਏ। ਪ੍ਰੋ. ਤਾਰਾ ਸਿੰਘ ਅਨਜਾਣ ਨੇ ਸਤਿਗੁਰੂ ਰਾਮ ਸਿੰਘ ਜੀ ਦੇ 200 ਸਾਲਾ ਪ੍ਰਕਾਸ਼ ਪੁਰਬ ਵਲ ਧਿਆਨ ਦਿਵਾਉਂਦਿਆਂ ਆਪਣੀ ਗੱਲ ਸ਼ੁਰੂ ਕੀਤੀ ਅਤੇ ਸਤਿਗੁਰੂ ਜੀ ਦਾ ਪਰਿਵਾਰਕ ਪਿਛੋਕੜ ਦੱਸਿਆ। ਉਹ ਲਲਤੋਂ ਦੇ ਪ੍ਰਸਿੱਧ ਅਹਿਰਨਾ ਬਣਾਉਣ ਵਾਲੇ ਕਾਰੀਗਰ ਸਨ। ਸਤਿਗੁਰੂ ਜੀ ਦੇ ਪਿਤਾ ਜੀ ਦੇ ਤਾਇਆ ਜੀ ਅਤੇ ਪਿਤਾ ਜੀ ਦਾ ਪਰਿਵਾਰ ਰਾਈਆਂ ਜ਼ਿਲਾ ਲੁਧਿਆਣਾ ਆਕੇ ਵੱਸਿਆ ਸੀ। ਸਟੇਜ ਸਕੱਤਰ ਨੇ ਸਾਵਣ ਮਹੀਨੇ ਦੀ ਮਹਾਨਤਾ ਦਸਦਿਆਂ ਕਿਹਾ ਕਿ ਇਹ ਮਹੀਨਾ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਪ੍ਰਕਾਸ਼ ਦਾ ਮਹੀਨਾ ਹੈ। 5 ਸਾਉਣ 2015 ਬਿਕਰਮੀ ਆਪ ਜੀ ਦਾ ਪ੍ਰਕਾਸ਼ ਹੋਇਆ। ਅਜ ਦੇ ਇਸ ਮੇਲੇ ਲਈ ਕੀਤੀ ਗਈ ਸੇਵਾ ਵਲੋਂ ਸੰਤ ਜਗਦੇਵ ਸਿੰਘ ਅਤੇ ਪਰਿਵਾਰ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। **ਸਤਪਾਲ ਸਿੰਘ ਭੁੱਲਰ**

# ਸਾਊਥਾਲ ਵਿਚ ਸਤਿਗੁਰੂ ਜੀ ਦਾ ਦੋ ਦਿਨਾਂ ਪ੍ਰਕਾਸ਼ ਪੁਰਬ

ਨਾਮਧਾਰੀ ਸਿਖ ਸੰਗਤ ਸਾਊਥਾਲ ਨੇ ਸਤਿਗੁਰੂ ਉਦੈ ਸਿੰਘ ਜੀ ਦਾ ਪ੍ਰਕਾਸ਼ ਪੁਰਬ 22 ਅਤੇ 23 ਜੁਲਾਈ ਨੂੰ ਨਾਮਧਾਰੀ ਸਿਖ ਸੈਂਟਰ ਸਾਊਥਾਲ ਵਿਖੇ ਮਨਾਇਆ। 22 ਜੁਲਾਈ ਸ਼ੁਕਰਵਾਰ ਸ਼ਾਮ ਦਾ ਪ੍ਰੋਗਰਾਮ ਨਿਤਨੇਮ ਅਤੇ ਸਤਿਗੁਰੂ ਜੀ ਦੇ ਉਪਦੇਸ਼ ਨਾਲ ਆਰੰਭ ਹੋਇਆ। ਫਿਰ ਬੀਬੀਆਂ ਨੇ ਇਕ ਸ਼ਬਦ ਗਾਇਨ ਕੀਤਾ :

*- ਗੁਰੂ ਉਦੈ ਸਿੰਘ ਆਇਆ ਅੱਜ ਭੈਣੀ ਵਿਚਕਾਰ ਜੀ।*

ਨੌਜਵਾਨ ਗੁਰਮੀਤ ਸਿੰਘ ਤੇ ਕਰਤਾਰ ਸਿੰਘ ਨੇ ਸ਼ਬਦ ਗਾਇਨ ਕੀਤਾ :

***ਨਸਿ ਵੰਞਹੁ ਕਿਲ ਵਿਖਹੁ ਕਰਤਾ ਘਰ ਆਇਆ।।***

ਸੂਬਾ ਕੁਲਦੀਪ ਸਿੰਘ ਚਾਨਾ ਸਤਿਗੁਰੂ ਜੀ ਕੋਲੋਂ ਪੰਥ ਦੀ ਚੜ੍ਹਦੀ ਕਲਾ ਲਈ ਬੇਨਤੀ ਕਰਦਿਆਂ ਅਰਦਾਸ ਕੀਤੀ।

23 ਤਾਰੀਕ ਨੂੰ ਸਮਾਗਮ ਦਾ ਆਰੰਭ ਸਥਾਨਕ ਜਥੇ ਵਲੋਂ ਆਸਾ ਦੀ ਵਾਰ ਦੇ ਕੀਰਤਨ ਨਾਲ ਹੋਇਆ। ਇਹ ਕੀਰਤਨ ਵਾਰੇ ਦੇ ਰੂਪ ਵਿਚ ਕੀਤਾ ਗਿਆ। ਪਿਛਲੇ ਪਹਿਰ ਦੇ ਸਮਾਗਮ ਦਾ ਆਰੰਭ ਨਾਮ ਸਿਮਰਨ ਅਤੇ ਗੁਰ ਉਪਦੇਸ਼ ਨਾਲ ਹੋਇਆ। ਉਸ ਤੋਂ ਬਾਅਦ ਅਰਜਨ ਸਿੰਘ, ਕ੍ਰਿਸ਼ਨ ਸਿੰਘ ਬਾਲ ਭਰਾਵਾਂ ਨੇ ਇਕ ਕਵਿਤਾ ਪੇਸ਼ ਕੀਤੀ-

ਸਤਿਗੁਰੂ ਉਦੈ ਸਿੰਘ ਪ੍ਰਭ ਮੇਰਾ।

ਉਸਤਾਦ ਹਰਭਜਨ ਸਿੰਘ ਨੇ ਉਸਤਾਦ ਗੁਰਦੇਵ ਸਿੰਘ ਅਤੇ ਉਸਤਾਦ ਕਿਰਨਪਾਲ ਸਿੰਘ ਦੀ ਸੰਗਤ ਨਾਲ ਰਸ ਭਿੰਨਾ ਕੀਰਤਨ ਕੀਤਾ ਸ਼ਬਦ ਸਨ :

***- ਮਨ ਘਨੇ ਭਮੈ ਬਨੈ***
***- ਸਾਵਣਿ ਸਰਸ ਮਨਾ ਘਣ ਬਰਸੇ***
***- ਬਰਸੁ ਮੇਘੁ ਜੀ ਤਿਲੁ ਬਿਘਨ ਨਾ ਲਾਉ।।***

ਆਦਿ ਉਹਨਾਂ ਨੇ ਸਤਿਗੁਰੂ ਉਦੈ ਸਿੰਘ ਜੀ ਬਾਰੇ ਦੱਸਿਆ ਕਿ ਇਹਨਾਂ ਦਾ ਸੁਭਾਅ ਸਦਾ ਹੀ ਚੰਗਾ ਰਿਹਾ ਹੈ। ਜੀਵਨ ਨਗਰ ਰਹਿੰਦਿਆਂ ਇਹਨਾਂ ਨਾਲ ਵਿਚਰਨ ਦਾ ਸਮਾਂ ਮਿਲਦਾ ਰਿਹਾ ਹੈ। ਬੀਬੀ ਹਰਭਜਨ ਕੌਰ ਚਾਨਾ ਨੇ ਕਿਹਾ ਕਿ ਸਤਿਗੁਰੂ ਤੇਰਾ ਮੇਰਾ ਨਹੀਂ ਸਭ ਦਾ ਹੈ, ਸਭ ਦੇ ਦਿਲਾਂ ਦੀਆਂ ਜਾਣਦਾ ਹੈ।

ਪ੍ਰੋ. ਤਾਰਾ ਸਿੰਘ ਅਨਜਾਣ ਨੇ ਦੱਸਿਆ ਕਿ ਵਰਤਮਾਨ ਸਤਿਗੁਰੂ ਜੀ ਮਨ ਕਰਕੇ, ਬਚਨ ਕਰਕੇ ਅਤੇ ਕਰਮ ਕਰਕੇ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਸਮਰਪਿਤ ਰਹੇ ਹਨ। ਉਹਨਾਂ ਨੇ ਬਿਨਾਂ ਮਨ ਵਿਚ ਕੋਈ ਹੋਰ ਭਾਵਨਾ ਲਿਆਦਿਆਂ ਸਦਾ ਸਤਿਗੁਰੂ ਜੀ ਦਾ ਹੁਕਮ ਮੰਨਿਆ। ਸਾਡਾ ਸੁਖ ਹੀ ਉਹਨਾਂ ਦਾ ਹੁਕਮ ਮੰਨਣ ਵਿਚ ਹੈ। ਬੀਬੀ ਤੇਜਿੰਦਰ ਕੌਰ ਨੇ ਸਤਿਗੁਰੂ ਜੀ ਦੇ ਦਿਲਾਂ ਦੀਆਂ ਜਾਨਣ ਦੀ ਇਕ ਗੱਲ ਸੁਣਾਈ। ਦੋਵੇਂ ਦਿਨ ਸਤਿਗੁਰੂ ਉਦੈ ਸਿੰਘ ਜੀ ਦੇ ਉਪਦੇਸ਼ ਦੀਆਂ ਘੰਟੇ ਘੰਟੇ ਦੀਆਂ ਸੰਤ ਕਿਰਪਾਲ ਸਿੰਘ ਚਾਨਾ ਦੀਆਂ ਤਿਆਰ ਕੀਤੀਆਂ ਸੀ. ਡੀ. ਸੁਣ ਕੇ ਸਾਧ ਸੰਗਤ ਨੇ ਲਾਹਾ ਲਿਆ। ਸਤਿਗੁਰੂ ਜੀ ਦੇ ਚਰਨਾਂ 'ਚ ਅਰਦਾਸ ਨਾਲ ਪ੍ਰੋਗਰਾਮ ਦੀ ਸਮਾਪਤੀ ਕੀਤੀ ਗਈ। **-ਸਤਪਾਲ ਸਿੰਘ ਭੁੱਲਰ**

# ਪ੍ਰਵਚਨ
# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਨਾਮ ਜਪਣ ਤੋਂ ਰਸਨਾ ਵਿਹਲੀ ਨਾ ਰਵ੍ਹੇ

*ਅੰਮ੍ਰਿਤ ਵੇਲੇ ਦਾ ਉਠਣਾ, ਬਹੁਤ ਘਟ ਗਿਐ ਸਾਡੇ ਵਿਚੋਂ, ਇਹ ਦੁਬਾਰਾ ਚਾਲੂ ਕਰੋ। ਸਾਡਾ ਨਾਂ 'ਨਾਮਧਾਰੀ' ਸਤਿਗੁਰਾਂ ਨੇ ਰਖਿਐ। ਮੇਰਾ ਨਹੀਂ ਖਿਆਲ ਕਿ ਜਿੰਨੇ ਅਸੀਂ ਏਥੇ ਬੈਠੇ ਹਾਂ, ਉਹਨਾਂ ਵਿਚੋਂ ਸਾਰਾ ਦਿਨ ਕੋਈ ਨਾਮ ਜਪਦਾ ਹੋਵੇ। ਇਕ ਘੰਟਾ ਨਾਮ ਜਪਣ ਨੂੰ ਵੀ ਜੀਅ ਨਹੀਂ ਕਰਦਾ। ਇਕ-ਇਕ ਘੰਟਾ ਨਾਮ ਸਿਮਰਨ ਹਰ ਜੀਅ ਪ੍ਰਤੀ ਪੱਕਾ ਕਰੋ ਸਾਰੇ ਜਣੇ। ਜਿਸ ਵੇਲੇ ਤੁਸੀਂ ਖਰਾਦ ਦਾ ਕੰਮ ਕਰਦੇ ਹੋ, ਦੁਕਾਨ ਵਿਚ ਵਿਹਲੇ ਬੈਠੇ ਹੁੰਦੇ ਹੋ, ਕਾਰ ਵਿਚ ਜਾਂਦੇ ਹੋ, ਸਾਈਕਲ ਤੇ ਜਾਂਦੇ ਹੋ, ਪੈਦਲ ਜਾਂਦੇ ਹੋ, ਉਸ ਵੇਲੇ ਵੀ ਨਾਮ ਜਪਿਆ ਕਰੋ, ਰਸਨਾ ਹਿਲਾ ਕੇ, ਰਸਨਾ ਕਿਸੇ ਵੇਲੇ ਵੀ ਵਿਹਲੀ ਨਾ ਰਵ੍ਹੇ।*

❖❖❖




## ਬੱਚਿਆਂ ਨੂੰ ਨਾਮ ਸਿਮਰਨ ਦੀ ਜਾਚ ਦਸੋ

*ਆਪੋ ਆਪਣੇ ਘਰਾਂ ਵਿਚ ਬੈਠ ਕੇ ਬੱਚਿਆਂ ਨੂੰ ਨਾਲ ਬਿਠਾ ਕੇ ਨਾਮ ਸਿਮਰਨ ਕਰਿਆ ਕਰੋ। ਜਿਵੇਂ ਰੋਟੀ ਖਾਣ ਦੀ ਜਾਚ ਦੱਸਦੇ ਹੋ, ਕੱਪੜੇ ਪਾਣ ਦੀ ਜਾਚ ਦੱਸਦੇ ਹੋ, ਜਿਵੇਂ ਸਕੂਲੇ ਜਾਣ ਦੀ ਜਾਚ ਦੱਸਦੇ ਹੋ-ਨਾਮ ਸਿਮਰਨ ਕਰਨ ਦੀ ਜਾਚ ਵੀ ਬੱਚਿਆਂ ਨੂੰ ਦੱਸਿਆ ਕਰੋ।*

❖❖❖

# ਗੁਰ-ਉਪਦੇਸ਼
# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਚਰਨੀਂ ਲੱਗਿਆਂ ਸਭ ਸੁਖਾਂ ਦੀ ਪ੍ਰਾਪਤੀ ਹੁੰਦੀ ਏ



*ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਹੈ, ਉਹਨਾਂ ਦੀ ਸਾਜੀ ਹੋਈ ਸਿਖੀ ਹੈ, ਤੁਸੀਂ ਅੰਮ੍ਰਿਤ ਵੇਲੇ ਤੋਂ ਆਸਾ ਦੀ ਵਾਰ ਦਾ ਕੀਰਤਨ ਸੁਣਿਆ ਹੈ। ਅਖੰਡ ਪਾਠ ਦਾ ਭੋਗ ਪਿਆ ਹੈ, ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਵਿਚ ਤੁਸੀਂ ਸੁਣਿਆ ਹੈ, "ਜੋ ਸੁਖ ਚਾਹੇ ਸਦਾ ਸਰਨ ਰਾਮੁ ਕੀ ਲੇਹੁ" ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਅਕਸਰ ਇਹ ਪਰਮਾਣ ਦਿੰਦੇ ਹੁੰਦੇ ਸੀ, ਹਰ ਕੋ ਨਾਮ ਸਦਾ ਸੁਖਦਾਈ। ਨਾਮ ਦੀ ਮਹਿਮਾ ਗੁਰਬਾਣੀ ਵਿਚ ਥਾਂ ਥਾਂ ਲਿਖੀ ਏ। ਜੇ ਆਪਾਂ ਦੇਖੀਏ ਜਿਨਾਂ ਨਾਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਪਾਇਆ ਏ ਏਨਾਂ ਪਿਛਲੇ ਟਾਈਮ ਵਿਚ ਕਦੀ ਵੀ ਹੋਰ ਕਿਸੇ ਸੰਸਥਾ ਵਿਚ ਜਪਿਆ ਹੀ ਨਹੀਂ। ਜੋ ਨਾਮਧਾਰੀਆਂ ਨੂੰ ਸੁੱਖ ਨੇ, ਇਹ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਕਰਕੇ, ਉਹਨਾਂ ਦੇ ਨਾਮ ਜਪਾਉਣ ਕਰਕੇ। ਜੋ ਦੁਖ ਨੇ ਉਹ ਇਸ ਕਰਕੇ ਨੇ ਜੋ ਆਪਾਂ ਹੁਕਮ ਨਹੀਂ ਮੰਨਦੇ। ਸੱਚੇ ਪਾਤਸ਼ਾਹ ਨੇ ਕਿਰਪਾ ਕੀਤੀ ਜ਼ਬਰਦਸਤੀ ਸਵੇਰੇ ਉਠਾ ਕੇ ਸਭਨਾਂ ਨੂੰ ਇਹ ਹੁਕਮ ਹੋਇਆ ਕਿ ਨਾਮ ਜਪੋ। ਭੈਣੀ ਸਾਹਿਬ ਜਿਹੜੇ ਰਹਿੰਦੇ ਨੇ ਉਨ੍ਹਾਂ ਨੂੰ ਇਹ ਪਤਾ ਹੈ ਕਿ ਸੱਚੇ ਪਾਤਸ਼ਾਹ ਜੀ ਕਿਵੇਂ ਹੁਕਮ ਕਈ ਵਾਰੀ ਇਹ ਵੀ ਹੁਕਮ ਕਰਨਾ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਇਹ ਹੁਕਮ ਹੈ ਕਿ ਤੁਹਾਡਾ ਮਨ ਨਹੀਂ ਵੀ ਮੰਨਦਾ ਤਾਂ ਵੀ ਨਾਮ ਜ਼ਰੂਰ ਜਪੋ। ਇਕ ਘੰਟਾ ਹਰ ਕੋਈ ਜਪੇ। ਸੱਚੇ ਪਾਤਸ਼ਾਹ ਕਿਰਪਾ ਕਰਨ ਸਾਨੂੰ ਇਹ ਬਲ ਬਖਸ਼ਣ ਆਪਾਂ ਉਹਨਾਂ ਦਾ ਹੁਕਮ ਮੰਨ ਸਕੀਏ, ਅਸੀਂ ਇਹ ਨਾਮ ਜਪ ਸਕੀਏ। ਮਾਇਆ ਵਿੱਚ ਲੱਗ ਕੇ ਜ਼ਿਆਦਾ ਮਾਇਆ ਕਮਾ ਲਈਏ ਇਕ ਹੋੜ ਲਗੀ ਏ। ਉਹ ਵੀ ਅਕਾਲ ਪੁਰਖ ਦੀ ਬਣਾਈ ਹੋਈ ਮਾਇਆ ਹੈ ਤੇ ਉਹਨੇ ਉਸ ਤਰ੍ਹਾਂ ਹੀ ਸਾਨੂੰ ਲਾਇਆ ਹੋਇਆ ਹੈ। ਪਰ ਉਹਦੇ ਵਿਚ ਲੱਗ ਕੇ ਆਪਾਂ ਇਹ ਭੁੱਲ ਜਾਂਦੇ ਹਾਂ ਕਿ ਉਸ ਮਾਇਆ ਨਾਲ ਸੁਖ ਨਹੀਂ ਮਿਲਣਾ, ਨਾਮ ਜਪਣ ਨਾਲ ਮਿਲਣਾ ਹੈ।*❖

## ਵਿਆਹ ਸੰਬੰਧੀ

ਨਾਮਧਾਰੀ ਲੜਕਾ, ਉਮਰ 27 ਸਾਲ, ਕੱਦ 5 ਫੁੱਟ 7 ਇੰਚ, ਬੀ. ਕਾਮ. ਇਲੈਕਟ੍ਰਾਨਿਕ ਵਿਚ ਡਿਪਲੋਮਾ, ਐਮ. ਬੀ. ਏ., (IT) ਦੇ ਆਖਰੀ ਸਾਲ ਵਿਚ ਕੰਪਿਊਟਰ ਦਾ ਆਪਣਾ ਵਪਾਰ ਲਈ ਪੜੀ ਲਿਖੀ ਯੋਗ ਲੜਕੀ ਦੀ ਲੋੜ ਹੈ।

ਫੋਨ : 09235702062 ਪੋਸਟ ਬਾਕਸ :1000

❖❖❖

ਨਾਮਧਾਰੀ ਲੜਕਾ ਉਮਰ 23 ਸਾਲ, ਕੱਦ 5 ਫੁੱਟ 11 ਇੰਚ, ਬੀ. ਏ. (ਆਖਰੀ ਸਾਲ) ਆਪਣਾ ਵਪਾਰ ਲਈ ਪੜੀ ਲਿਖੀ ਅਤੇ IELTS ਪਾਸ ਲੜਕੀ ਦੀ ਲੋੜ ਹੈ।

ਫੋਨ : 09815661850, 09915941169 ਪੋਸਟ ਬਾਕਸ :1001

❖❖❖

ਨਾਮਧਾਰੀ ਲੜਕੀ, ਉਮਰ 28 ਸਾਲ, ਕੱਦ 5 ਫੁੱਟ 6 ਇੰਚ, ਦਿੱਲੀ ਵਿਸ਼ਵ ਵਿਦਿਆਲੇ ਤੋਂ ਪੀ. ਐਚ. ਡੀ., CCMB ਹੈਦਰਾਬਾਦ ਵਿਚ ਕਾਰਜਰਤ ਲਈ ਯੋਗ ਵਰ ਦੀ ਲੋੜ ਹੈ।

ਫੋਨ : 09891176390 ਪੋਸਟ ਬਾਕਸ :1002

❖❖❖

ਨਾਮਧਾਰੀ ਲੜਕਾ, ਉਮਰ 28 ਸਾਲ, ਕਦ 5 ਫੁੱਟ 5 ਇੰਚ, ਪੋਸਟ ਗ੍ਰੈਜੂਏਟ, ਆਪਣਾ ਵਪਾਰ ਲਈ ਯੋਗ ਲੜਕੀ ਦੀ ਜ਼ਰੂਰਤ ਹੈ।

ਫੋਨ : 08284906633, 08284904411 ਪੋਸਟ ਬਾਕਸ :1003

❖❖❖

ਨਾਮਧਾਰੀ ਲੜਕਾ, ਉਮਰ 27 ਸਾਲ, ਕੱਦ 6 ਫੁੱਟ, ਗ੍ਰੈਜੂਏਟ, ਪੰਜਾਬ ਪੁਲਿਸ ਵਿਚ ਕਾਰਜਰਤ ਲਈ ਯੋਗ ਲੜਕੀ ਦੀ ਲੋੜ ਹੈ।

ਫੋਨ : 09877150005 ਪੋਸਟ ਬਾਕਸ :1004

❖❖❖

ਨਾਮਧਾਰੀ ਲੜਕਾ, ਉਮਰ 27 ਸਾਲ, ਕੱਦ 5 ਫੁੱਟ 10 ਇੰਚ, ਬੀ. ਫਾਰਮੇਸੀ, ਮੋਹਾਲੀ ਵਿਚ ਏਰੀਆ ਮੈਨੇਜਰ ਵਜੋਂ ਕਾਰਜਰਤ ਲਈ ਲੜਕੀ ਦੀ ਜ਼ਰੂਰਤ ਹੈ।

ਫੋਨ : 09877150005 ਪੋਸਟ ਬਾਕਸ :1005

❖❖❖

ਨਾਮਧਾਰੀ ਲੜਕਾ, ਉਮਰ 26 ਸਾਲ, ਕੱਦ 5 ਫੁੱਟ 10 ਇੰਚ, ਬੀ. ਟੈਕ, ਨਿਊਜ਼ੀਲੈਂਡ ਵਿਚ ਕਾਰਜਰਤ ਲਈ ਐਨ. ਆਰ. ਆਈ. ਲੜਕੀ ਦੀ ਜ਼ਰੂਰਤ ਹੈ।

ਫੋਨ : 09872966906 ਪੋਸਟ ਬਾਕਸ :1006

❖❖❖

ਨਾਮਧਾਰੀ ਲੜਕਾ, ਉਮਰ 29 ਸਾਲ, ਕੱਦ 5 ਫੁੱਟ 8 ਇੰਚ, +2, ਆਪਣਾ ਵਪਾਰ ਲਈ ਬੀ. ਐਸ. ਸੀ. (ਨਰਸਿੰਗ) ਜਾਂ ਇੰਜੀਨੀਅਰ ਲੜਕੀ ਦੀ ਲੋੜ ਹੈ।

ਫੋਨ : 09779984020 ਪੋਸਟ ਬਾਕਸ :1007

❖❖❖

ਨਾਮਧਾਰੀ ਲੜਕਾ, ਉਮਰ 30 ਸਾਲ, ਕੱਦ 5 ਫੁੱਟ 8 ਇੰਚ, ਇਲੈਕਟ੍ਰੀਕਲ ਇੰਜੀਨੀਅਰ, ਗੁਰੂ ਤੇਗ ਬਹਾਦਰ ਕਾਲਜ ਦਿੱਲੀ ਵਿਚ ਕਾਰਜਰਤ ਲਈ ਯੋਗ ਲੜਕੀ ਦੀ ਜ਼ਰੂਰਤ ਹੈ।

ਫੋਨ : 09810984361, 011-25119239 ਪੋਸਟ ਬਾਕਸ :1008

❖❖❖

ਨਾਮਧਾਰੀ ਲੜਕੀ ਉਮਰ 25 ਸਾਲ, ਕੱਦ 5 ਫੁੱਟ 3 ਇੰਚ, ਬੀ. ਏ., ਵੈਬ ਡਿਜ਼ਾਈਨਿੰਗ ਅਤੇ ਟੈਲੀ ਲਈ ਯੋਗ ਵਰ ਦੀ ਲੋੜ ਹੈ।

ਫੋਨ : 09872625555 ਪੋਸਟ ਬਾਕਸ :1009

❖❖❖

ਨਾਮਧਾਰੀ ਲੜਕੀ, ਉਮਰ 25 ਸਾਲ, ਕੱਦ 5 ਫੁੱਟ 3 ਇੰਚ, ਬੀ. ਸੀ. ਏ., ਐਮ. ਸੀ. ਏ., ਲਈ ਯੋਗ ਵਰ ਦੀ ਲੋੜ ਹੈ।

ਫੋਨ : 09256860177, 01675-285120 ਪੋਸਟ ਬਾਕਸ :1010


**ਸਤਿਜੁਗ**

ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ, ਨਵੀਂ ਦਿੱਲੀ-15

e-mail : satjugweekly@gmail.com



**सतिजुग**

1920 में स्थापित


# रायकोट की घटना

✍नाहर सिंह एम. ऐ

पंजाब में अंग्रेजों का शासन स्थापित होने तथा मुस्लमानों को गोबध की खुली आज्ञा मिलने पर नगरों के अतिरिक्त मुस्लमान लोगों के छोटे छोटे कस्बों में भी बूचड़खाने खुल गये। जिला लुधियाना के प्रसिद्ध कस्बा रायकोट में भी सन् १८५६ में जिला के डिप्टी कमिश्नर मि. रिकटस के आदेशानुसार नगर की चहारदीवारी के बाहर गुरु गोबिंद सिंह जी के गुरुद्वारे की ओर बूचड़खाना खोला गया था। यहाँ के दोनों बूचड़ राँझा तथा बूटा बहुत ही क्रुर थे। व बध किये पशुओं की हड्डियां पास के जोहड़ में डाल देते थे। मुसलमान गुजरों की पतियों (गाँव का एक हिस्सा) की भैंसे तथा ढोर इसी जोहड़ में पानी पीते थे। मुसलमान गुजरों की पतियों के नम्बरदारों ने इस बात का बूचडों पर दावा कर दिया। साथ ही रायकोट की नगर पालिका ने भी बूचड़ों पर नियम भंग करने का मुकदमा किया था। इन दोनों मुकदमों में तहसील जगराँव के तहसीलदार ने बूचडों को दस रुपये जुर्माना किया था। बूचडों ने जुर्माने के हुकम के विरुद्ध अपील कर दी थी। रायकोट के आस पास बहुत से गाँवों में नामधारी रहते थे। एक दिन कुछ नामध् ाारी गुरुदवारे में माथा टेकने के लिये गये। वहाँ के सेवादार ने दुखित हृदय से उन्हें यह बात बताई, कि चीलें तथा कौवे बूचडखाने से गौओं की हड्डियां उठाकर गुरुदवारा साहिब की दीवारों पर आ बैठते हैं, और इस प्रकार प्रतिदिन पवित्र गुरुदवारा भ्रष्ट हो जाता है। अम तसर की घटना के एक महीने पश्चात १५ जुलाई १८७१ को रायेकोट के बुचडखाने पर आकमण हुआ, जिसमें बुचडखाने में सोये हुये मनुष्यों में से दो की म त्यु हो गई, तथा सात बुरी तरह से घायल होये।

१६ तारीख को नो दस बजे के लगभग जब इस घटना का डिप्टी कमिश्र को पता चला तो उसने जिला के पुलिस कप्तान द्वारा सब थानों के अफसरों को आज्ञाएँ भिजवा दीं, कि वह अपने अपने इलाकों के बूचड़खानों तथा बूचडों की रात के समय नया हुक्म मिलने तक रक्षा करें। अप्रकाशित पुस्तक 'सतगुरु बिलास' में यह घटना इस प्रकार वर्णित है–

''८ तलवारें ज्ञान सिंह ने एकत्रित कीं। इनको वह और उसके साथी उँटों की किचावों में रखकर गाँव मोड़ा से छीनीवाल ले आये। रत्न सिंह न गया। शाम सिंह न गया। हवन किया, कडाह प्रसाद के गफफ लगाये। सिक्ख शेरों की भांति चले। वर्षा हो रही थी नगर के पास पानी चड़ा हुआ था। पानी से गुज़र कर बूचडखानें के द्वार पर आये तो बुचड़ों ने पूछा कौन है? सिंहों ने कहा हम उँटों वाले हैं। हुक्के में आग रखनी है। बूचड़ों ने झट दरवाजा खोल दिया। सावन महीने की संक्रांति को १२ बजे रात को रायकोट के बूचड़खाने में बंधी हुई गायों के रस्से काटकर उन्हें बाहर निकाल दिया। फिर बूचड़ों का सिर काटकर जयकारा लगाते जांय, तलवार मारें और जयकारा लगावें, तीन सिंह तो अन्दर बूचड़ों का वध करते रहे थे, शेष पहरे पर खडे थे।

डिप्टी कमिश्नर मिस्टर कावन तथा डिप्टी सुपरिटेन्डेन्ट पुलिस मि. हैचल १६ जुलाई को दोपहर से पहले लुधियाना के जगरांव पहुंचे। जगरांव से सवारी का प्रबन्ध करके ५ बजे सुबह चलकर काफी रात गए रायकोट पहुंचने पर पता चला कि जिन बुचड़ों को मारने के लिए यह आक्रमण किया गया था वह दोनों ही बच गये हैं। बूटा लुधियाने में अपील करने के लिये गया हुआ था और रांझा आक्रमण होने पर घर की छत से कूद कर भाग गया था।

दसौंधी गूजर तथा उसकी स्त्री बस्सी, जो इस आक्रमण में मरे, बूचडों के पास पाहुने के रुप में आये हुए थे। दसौंधी की लड़की रहममती तथा दो छोटे बच्चों के भी घाव आये। बूटा बूचड़ की स्त्री कौणी तथा उसकी दोनों लड़कियां बेजा तथा धन्ना भी घायल हुई। अक्का राजपूत, जाता जाता रात को यहीं ठहर गया था उसको भी तलवार के १३ घाव आये। चौकीदारों का वफादार अहमदखां जो शहर की फसील के बाहर चौकीदारों के साथ गश्त कर रहा था, शोर सुनकर आया परंतु उस समय आक्रमण करने वाले भाग गये थे। पुलिस का थाना बूचड़खाने से पांच सौ गज पर ही था। हाहाकार यहां तक सुनाई देती थी। बड़ा थानेदार मुस्लमान था। वह कहीं शहर में सोया पड़ा था तथा छोटा थानेदार मुस्लमान ज्वर से ग्रसत पडा था। पुलिस रात को ही उस स्थान पर पहुंची, परन्तु घातकों का कोई निशान न मिला। पीले रंग का एक चाथड़ा मिला, जो तलवार के म्यान का कपड़ा प्रतीत होता था। रात को हवा चलती थी। मशाल जलाई नहीं जा सकती थी। पदचिन्हों का जानकार भी उस समय थानें में नहीं था, इसलिए पुलिस वालों ने पदचिन्हों का पीछा न किया। दूसरे दिन भंगा सिंह तथा भूपा पदचिन्हों को पहचानने वाले दोनो खोजी आदमियों के पदचिन्ह् रायकोट के गांव जलालदीवाल रियासत नाभा में ले आये। जलालदीवाल से दो आदमियों के पद्चिन्ह प थक रास्ते में ही हो पड़े तथा शेष ६ आदमीयों के पद्चिन्ह् रियासत पटियाला के दो गांवों में से होते हुये गांव छीनीवाल पहुंच गये।

(क्रमशः)

SATJUG
ESTABLISHED IN 1920

# PARKASH DIWAS OF SRI SATGURU UDAY SINGH JI CELEBRATED AT NAMDHARI SANGAT SOUTHALL UK



**Prof. Tara Singh Anjan addresses the sangat**

22 July 2016 marked the Parkash Diwas of Sri Satguru Uday Singh Ji. On social media excitement fluttered among the sangat during the because of the day. In the evening, the occasion was celebrated at Namdhari Sangat Southall UK with *Naam Simran, kirtan, poems and katha.* After the Naam-simran, kirtan was performed by youngsters Gushmir Singh and Kartar Singh. (Shabad: Guru Arjan Dev ji's composition ਨਸਿ ਵੰਞਹੁ ਕਿਲ ਵਿਖਹੁ ਕਰਤਾ ਘਰਿ ਆਇਆ।। - Nas Vannjahu Kilvikhahu Karta Ghar Aeia).

The celebrations resumed on Saturday, 23rd July, when Ustad Harbhajan Singh with fellow musicians Ustad Gurdev Singh and Santoor vadak Ustad Kiranpal Singh on Tabla, performed melodious shabads in raag Malahar. Guru Arjan Dev Ji's bani was sung in three shabads:

ਮਨੁ ਘਨੈ ਭ੍ਰਮੈ ਬਨੈ।। (Man Ghanai Bhramai Banai), ਮਨ ਮੇਰੇ ਹਰਿ ਕੇ ਚਰਨ ਰਵੀਜੈ।। (Man Maerae Har Kae Charan Raveejai) and ਬਰਸੁ ਮੇਘ ਜੀ ਤਿਲੁ ਬਿਲਮੁ ਨ ਲਾਉ।। (Baras Maegh Jee Til Bilam Na Laao).

And Guru Nanak Dev Ji's ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ।। (Saavan Saras Manaa Ghan Varasehi Rut Aaeae) was the other offering.

Youngsters Arjan Singh & Krishan Singh (grandsons of Prof Tara Singh Anjan) made their contribution to the proceedings of the evening by reading out a poem '*Satguru Uday Singh prabh mera*'. During the course of the evening Bibi Harbhajan Kaur related a few very amazing events and real-life experiences with Satguru Ji.

Prof Tara Singh Anjan expressed his best wishes to Satguru Uday Singh Ji. He shared with the sangat the roadmap to Satguru ji's attainment of the gurgaddi. He told the sangat that Satguru Uday Singh Ji set a prime example of how a *hukam* is followed, obeyed and executed. (*Hukam* is the goal of becoming in harmony with the will of God.). He cited many examples of such interactions between Satguru Jagjit Singh and Satguru Uday Singh Ji. He concluded that Satguru Uday Singh Ji's *mun, bachan and karam* were the cornerstone to his relationship with Sri Satguru Jagjit Singh Ji.

The sadh sangat is now eagerly waiting for darshan of Satguru ji in the forthcoming UK tour in August.

Dhan Sri Satguru Uday Singh Ji
www.kukasikhs.com

**-Namdhari Sangat Southall**



**Bibi Harbhajan Kaur Chana addresses the sangat**

## DISCOURSE

### SATGURU PARTAP SINGH JI

## SELF EXPERIENCE OF BHAI RAI SINGH

Thus without a selfless love from the core of the heart for the Guru, no one can cross over and feel solaced. Many saints and ascetics have roamed all over the world in search of peace and meeting the almighty Lord. They all failed in their efforts till they could met the true Satguru. This is well elucidated in Gurbani as—

*Rehiou sant ho tol saadh bahutaerae dithae.*
*Sanniaase Tapaseeah mukhahu eae pandit mithae.*
*Baras eaek ho firiou kinai nahu parcho laayo.*
*Kehatiah kehatee sunee rehat ko khusee N aayo.*
*Her naam chhodd doojai lagae tin kae gun ho kiaa kaho.*
*Gur day mulaayo bhikhiaa jiv too rakhai tiv reho. P-1395*

I have been searching for the saints, I have seen so many holy and spiritual people. The hermits, ascetics, penitents, fanatics and pandits; all speak sweetly. I wandered around, lost for a year but no one touched my soul. I listened to preachers and teachers but I could not be happy with their life styles. Those who have abandoned the lord's name and become attached to duality-why should I speak in praise of them? So speaks Bhikhaa, the lord has led me to meet the Guru. As you keep me, I remain as you protect me, I survive.

*So kiv Paavo guru piaaraa*
*Jis tae hovae paar utaaraa.*

Thus Bhai Rai Singh's head and heart were over powered by keen desire to meet the true Guru, so that he could cross over the vast ocean of this life and death.

*Bakhashae har ur shanti maerae.*
*Satgur milae jo bhag badaerae.*

May the true Guru bless me, console me and my luck prospers.

***Transliteration by Sant Singh***

ਕਿਤਾਬ ਦੀ ਗੱਲ

# ਸੰਗਰਾਮ ਲਈ ਲਲਕਾਰ-ਜੀਵਨ ਸੰਗਰਾਮ ਬਾਬਾ ਸੋਹਣ ਸਿੰਘ ਭਕਨਾ

ਪ੍ਰਸਿੱਧ ਖੱਬੇ ਪੱਖੀ ਚਿੰਤਕ ਪ੍ਰੋ. ਰਣਧੀਰ ਸਿੰਘ 1914-15 ਵਾਲੀ ਗਦਰ ਲਹਿਰ ਵਿਚ ਭਾਗ ਲੈਣ ਵਾਲਿਆਂ ਨੂੰ, ਦਿਓ ਕੱਦ ਬੰਦੇ ਲਿਖਦਾ ਹੈ। ਇਹ ਸੱਜਣ ਆਪਣੀਆਂ ਕੀਤੀਆਂ ਵੱਡੀਆਂ ਕਮਾਈਆਂ ਨੂੰ ਠੋਕਰ ਮਾਰ ਕੇ, ਮੁਲਕ ਦੀ ਬੰਦ ਖਲਾਸੀ ਵਾਸਤੇ, ਅਮਰੀਕਾ, ਕੈਨੇਡਾ ਅਤੇ ਹੋਰ ਪ੍ਰਦੇਸੀ ਧਰਤੀਆਂ ਤੋਂ, ਸਿਰ ਤਲੀ ਤੇ ਧਰਕੇ ਦੇਸ ਪਰਤੇ ਸਨ। ਇਹਨਾਂ ਨੇ ਕੁਰਬਾਨੀਆਂ ਦਾ ਇਕ ਨਵਾਂ ਇਤਿਹਾਸ ਸਿਰਜਿਆ ਸੀ। ਇਹ ਮਨੁੱਖੀ ਗੌਰਵ ਦਾ, ਮਾਨਵੀ ਮੁਕਤੀ ਦਾ, ਆਜ਼ਾਦੀ ਸਮਾਨਤਾ ਅਤੇ ਭਾਈਚਾਰੇ ਜਿਹੇ ਉਦਾਤ ਜੀਵਨ ਮੁੱਲਾਂ ਦਾ, ਪ੍ਰਤੀਕ ਬਣਕੇ ਵਿਚਰੇ। ਦੇਸ਼ ਵਾਪਸੀ ਤੋਂ ਮਗਰੋਂ ਜਿਹੜੇ ਫਾਂਸੀ ਦੇ ਫੰਧਿਆ ਤੇ ਕਿਸੇ ਕਾਨੂੰਨੀ ਅੜਚਨ ਕਾਰਨ ਲਟਕਣੋ ਰਹਿ ਗਏ, ਉਹਨਾਂ ਨੇ ਕਾਲੇ ਪਾਣੀ ਦੇ ਕੁੰਭੀ ਨਰਕ ਭੋਗਣ ਬਾਅਦ ਹਿੰਦ ਦੀਆਂ ਵੱਖ ਵੱਖ ਜੇਹਲਾਂ ਵਿਚ ਜਿਸ ਸੂਰਬੀਰਤਾਂ ਨਾਲ ਕੈਦਾਂ ਕੱਟੀਆਂ, ਉਸ ਨਾਲ ਗੋਰਾਸ਼ਾਹੀ ਦੀ ਅਫਸਰਸ਼ਾਹੀ ਦੀ ਹੈਂਕੜ ਨੂੰ ਧੂੜ ਚੱਟਣ ਤੇ ਮਜ਼ਬੂਰ ਕੀਤਾ। ਵਰ੍ਹਿਆਂ ਬੱਧੀ ਕਾਲ ਕੋਠਰੀਆਂ ਦਾ ਨਿਵਾਸ ਜਾਂ ਲੋਹ ਪਿੰਜਰਿਆਂ ਵਿਚ ਵਾਸਾ, ਉਹਨਾਂ ਦੀ ਆਜ਼ਾਦ ਰੂਹ ਨੂੰ ਨਿਵਾ ਨਾ ਸਕਿਆ। ਬੈਂਤਾਂ ਦੀ ਦਿਲ ਕੰਬਾਊ ਮਾਰ ਜਾਂ ਮਹੀਨਿਆਂ ਬੱਧੀ ਭੁਖ ਹੜਤਾਲ ਦੀ ਆਪੇ ਸਹੇੜੀ ਯਾਤਨਾ, ਉਹਨਾਂ ਦੇ ਸਿਦਕ ਨੂੰ ਡੁੱਲਾ ਨਾ ਸਕੀ।। ਮਨੁੱਖੀ ਮੁਕਤੀ ਦੇ ਇਹਨਾਂ ਸੂਰਮਿਆਂ ਵਿਚੋਂ ਹੀ ਇਕ ਇਤਿਹਾਸ ਪੁਰਖ ਬਾਬਾ ਸੋਹਣ ਸਿੰਘ ਭਕਨਾ ਹੋਏ ਹਨ।

ਬਾਬਾ ਸੋਹਣ ਸਿੰਘ ਭਕਨਾ ਅਮਰੀਕਾ ਵਿਚ 1913 ਵਿਚ ਬਣਨ ਵਾਲੀ, ਗਦਰ ਪਾਰਟੀ ਦੇ ਬਾਨੀ ਪ੍ਰਧਾਨ ਸਨ। ਬਾਬਾ ਜੀ ਦੀ ਆਤਮ ਕਥਾ - ਜੀਵਨ ਸੰਗਰਾਮ, ਪੰਜਾਬੀ ਪਾਠਕਾਂ ਵਿਚ ਪਿਛਲੀ ਅੱਧੀ ਸਦੀ ਤੋਂ ਬੜੀ ਦਿਲਚਸਪੀ ਅਤੇ ਅਦਬ ਨਾਲ ਪੜੀ ਜਾਣ ਵਾਲੀ ਕਿਤਾਬ ਹੈ। ਪਿਆਰੀ, ਸਾਹਿਤਕ, ਇਤਿਹਾਸਕ ਅਤੇ ਅਗੇ ਵਧੂ ਰਚਨਾਵਾਂ ਛਾਪਣ ਵਿਚ ਚਰਚਿਤ ਹੋ ਚੁੱਕੇ, ਤਰਲ ਭਾਰਤੀ ਪ੍ਰਕਾਸ਼ਨ ਬਰਨਾਲਾ ਨੇ 'ਜੀਵਨ ਸੰਗਰਾਮ' ਦੀ ਪੰਜਵੀਂ ਛਾਪ ਨਵੰਬਰ 2013 ਵਿਚ ਛਾਪੀ ਹੈ। ਇਸ ਦੇ ਸੰਪਾਦਕ ਹਨ ਸਾਡੇ ਕੌਮੀ ਮੁਕਤੀ ਸੰਗਰਾਮ ਦੇ ਪ੍ਰਮੁੱਖ ਖੋਜੀ ਅਤੇ ਅਧਿਕਾਰਤ ਲੇਖਕ 'ਪ੍ਰੋ. ਮਾਲਵਿੰਦਰਜੀਤ ਸਿੰਘ ਵੜੈਚ' ਅਤੇ ਸਹਿ ਸੰਪਾਦਕ ਉਹਨਾਂ ਦੇ ਸਹਿ ਯਾਤਰੀ ਸੀਤਾ ਰਾਮ ਬਾਂਸਲ ਹਨ। ਕੁਲ 112 ਸਫਿਆਂ ਦੀ ਇਹ ਕਿਤਾਬ, ਸਾਡੀ ਆਜ਼ਾਦੀ ਦੀ ਲੜਾਈ ਅਤੇ ਗਦਰ ਨੂੰ ਸਮਝਣ, ਜਾਨਣ ਵਾਸਤੇ ਇਕ ਬੁਨਿਆਦੀ ਕਿਤਾਬ ਬਣ ਚੁਕੀ ਹੈ। ਇਸ ਕਿਤਾਬ ਦਾ ਲੇਖਕ ਬਾਬਾ ਭਕਨਾ, 99 ਸਾਲਾਂ ਦੀ ਕੁੱਲ ਉਮਰ ਵਿਚੋਂ 26 ਸਾਲ ਅੰਗਰੇਜ਼ ਸਰਕਾਰ ਅਤੇ ਆਪਣੀ ਕੌਮੀ ਸਰਕਾਰ ਦੀਆਂ ਜੇਹਲਾਂ ਵਿਚ ਕਟਦਾ ਹੈ। ਬਾਬਾ ਜੀ ਨੇ ਆਪਣੀ ਆਪ ਬੀਤੀ ਬਿਨਾਂ ਕਿਸੇ ਲੱਗ ਲਪੇਟ ਤੋਂ ਸਿੱਧੀ ਸਾਫ਼ ਅਤੇ ਸਪਸ਼ਟ ਗੱਲ ਕੀਤੀ ਹੈ। ਨਾਂ ਲਿਹਾਜ ਉਹਨਾਂ ਆਪਣੇ ਮੁਢਲੇ ਜੀਵਨ ਦਾ ਕੀਤਾ ਹੈ ਅਤੇ ਨਾ ਹੀ ਇਕੋ ਵਿਚਾਰਧਾਰਾ ਨੂੰ ਪ੍ਰਣਾਏ ਲੋਕਾਂ ਦਾ ਜੋ ਵੱਖ ਵੱਖ ਪਾਰਟੀਆਂ ਵਿਚ ਵੰਡੇ ਗਏ ਹਨ। ਬਾਬਾ ਜੀ ਦੇ ਜਨਮ ਸਮੇਂ 4 ਜਨਵਰੀ 1870 ਨੂੰ, ਪੰਜਾਬ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ ਕੂਕਾ ਲਹਿਰ ਦੇ ਰੂਪ ਵਿਚ, ਆਜ਼ਾਦੀ ਦੀ ਲੜਾਈ ਅਪਣੇ ਪੂਰੇ ਸਿਖਰ ਤੇ ਸੀ ਅਤੇ ਇਸ ਤੋਂ ਦੋ ਕੁ ਸਾਲ ਬਾਅਦ ਇਸ ਲਹਿਰ ਦੇ ਆਗੂ ਸਤਿਗੁਰੂ ਜੀ ਨੇ ਦੇਸ ਬਦਰ ਕਰਕੇ, ਦੂਜੇ ਕੂਕਿਆਂ ਤੇ ਕਠੋਰ ਦਮਨ ਕੀਤਾ। ਇਸ ਘੋਰ ਅਤਿਆਚਾਰ ਦਾ ਕੂਕੇ ਮਸਤਾਨਿਆਂ ਨੇ ਆਪਣੇ ਢੰਗ ਨਾਲ ਵਿਰੋਧ ਜਾਰੀ ਰਖਿਆ ਜਿਹਨਾਂ ਵਿਚੋਂ ਮਾਝੇ ਵਿਚੋਂ ਪ੍ਰਮੁੱਖ ਸਨ- ਬਾਬਾ ਕੇਸਰ ਸਿੰਘ ਜੀ ਮੁਹਾਵੇ ਵਾਲੇ। ਜਦੋਂ 65 ਏਕੜ ਜ਼ਮੀਨ ਦਾ ਵਾਰਿਸ਼ ਇਕਲਾ ਜੱਟ ਪਰਿਵਾਰ ਦਾ ਸੋਹਣ ਸਿੰਘ, ਸ਼ਰਾਬੀ, ਕਬਾਬੀ ਜੁੰਡਲੀ ਦੇ ਅੜਿਕੇ ਚੜ੍ਹ ਕੇ ਰਸਾਤਲ ਵੱਲ ਜਾ ਰਿਹਾ ਸੀ ਤਾਂ 26 ਸਾਲਾਂ ਦੀ ਉਮਰ ਵਿਚ ਬਾਬਾ ਕੇਸਰ ਸਿੰਘ ਜੀ ਨਾਲ ਮੇਲ, ਉਸ ਦੇ ਐਸ ਪ੍ਰਸਤ ਜੀਵਨ ਤੋਂ ਤਿੱਖਾ ਮੋੜ ਕੱਟਣ ਦਾ ਸਬਬ ਬਣਿਆ। ਅਮਰੀਕਾ ਜਾਣ ਤਕ ਪੂਰੇ 13 ਸਾਲ ਸੋਹਣ ਸਿੰਘ ਬਾਬਾ ਜੀ ਨਾਮਧਾਰੀ ਸੰਗਤ ਦਾ ਸਾਥ ਮਾਣਦਾ ਰਿਹਾ। ਪ੍ਰੀਤਮ ਸਿੰਘ ਕਵੀ ਜੀ ਨਾਲ, 1965 ਈ. ਦੇ ਸਤਿਜੁਗ ਦੇ 'ਗੁਰੂ ਹਰੀ ਸਿੰਘ ਅੰਕ' ਵਿਚ ਛਪੀ ਬਾਬਾ ਜੀ ਦੀ ਮੁਲਾਕਾਤ ਵਿਚ ਉਹਨਾਂ ਦਾ 1906 ਵਿਚ ਭੈਣੀ ਸਾਹਿਬ ਜਾਕੇ ਗੁਰੂ ਹਰੀ ਸਿੰਘ ਜੀ ਦੀ ਖਬਰ ਸਾਰ, ਬਾਬਾ ਕੇਸਰ ਸਿੰਘ ਜੀ ਲਈ ਲੈ ਕੇ ਆਉਣ ਦਾ ਵੀ ਜ਼ਿਕਰ ਹੈ। ਦੇਸ਼ ਭਗਤੀ ਦੀ ਪਹਿਲੀ ਲਗਨ ਆਪ ਨੂੰ ਨਾਮਧਾਰੀ ਸੰਗਤ ਤੋਂ ਲਗੀ ਜਿਹਨਾਂ ਨੇ ਅੰਗਰੇਜ਼ ਸਰਕਾਰ ਦੇ ਬਾਈਕਾਟ ਅਤੇ ਅਸਹਿਯੋਗ ਨੂੰ ਬਾਬਾ ਜੀ ਕਾਂਗਰਸ ਅਤੇ ਗਾਂਧੀ ਦੇ ਕੰਮ ਤੋਂ ਵੀ ਉਚਾ ਦਰਜ਼ਾ ਦਿੰਦੇ ਸਨ। ਦੂਸਰੀ ਲਾਗ 1906-07 ਈ ਦਾ ਸ. ਅਜੀਤ ਸਿੰਘ ਹੋਰਾਂ ਦੀ 'ਪੱਗੜੀ ਸੰਭਾਲ ਜੱਟਾ' ਲਹਿਰ ਤੋਂ ਲੱਗੀ ਜਿਸ ਵਿਚ ਆਪ ਹੇਠਲੇ ਪੱਧਰ ਤੇ ਸਰਗਮ ਵੀ ਹੋਏ।

ਬੇਸ਼ਕ ਜ਼ਮੀਨ ਕਾਫੀ ਸੀ ਪਰ ਪਿਉਵਿਹੁਣਾ ਲਾਡਲਾ ਪੁੱਤਰ ਹੋਣ ਕਾਰਨ, ਬਚਪਨ ਤੋਂ ਹੱਥੀਂ ਕੰਮ ਨਾ ਕਰਨ ਸਦਕਾ ਅਤੇ ਨਾਮਧਾਰੀ ਸੰਗਤ ਦੇ ਪ੍ਰਭਾਵ ਵਿਚ ਆਪਣੇ ਪਿੰਡ ਭਕਨੇ ਹਰ ਸਾਲ ਛਿਮਾਹੀ ਵੱਡੇ ਵੱਡੇ ਹੋਲੇ ਮੇਲੇ ਕਰਨ ਸਦਕਾ, ਜ਼ਮੀਨ ਤਕਰੀਬਨ ਸਾਰੀ ਗਹਿਣੇ ਪੈ ਗਈ। ਇਸ ਸੰਕਟ ਵਿਚੋਂ ਨਿਕਲਣ ਲਈ 1909 ਵਿਚ ਅਮਰੀਕਾ ਆ ਗਏ। ਕੋਲੰਬੀਆਂ ਦਰਿਆ ਦੇ ਕੰਢੇ, ਪੋਰਟਲੈਂਡ ਤੋਂ ਤਿੰਨ ਮੀਲ ਦੂਰ ਨਵੀਂ ਬਣੀ ਲਕੜ ਦੀ ਮਿਨਾਰਕ ਮਿਲ ਵਿਚ ਬਾਬਾ ਜੀ ਨੇ ਹੱਡ ਭੰਨਵੀ ਮਿਹਨਤ ਕੀਤੀ। ਇਥੇ ਦੋ ਢਾਈ ਡਾਲਰ ਦਿਹਾੜੀ ਮਿਲਦੀ ਸੀ। ਅਮਰੀਕਾ ਕੈਨੇਡਾ ਵਿਚ ਥਾਂ-ਥਾਂ ਤੇ ਹੁੰਦੀਆਂ ਬੇਇਜ਼ਤੀਆਂ, ਗੋਰੇ ਕਾਮਿਆਂ ਵਲੋਂ ਹੁੰਦਿਆਂ ਹਮਲਿਆਂ ਨੇ, ਦੇਸ਼ ਵਿਚੋਂ ਨਵੇਂ ਆਉਣ ਵਾਲਿਆਂ ਨੂੰ ਦਾਖਲਾ ਨਾ ਦੇਣ ਦੀ ਨੀਤੀ ਨੇ, ਭਾਰਤੀ ਕਾਮਿਆਂ ਨੂੰ ਇਹ ਅਹਿਸਾਸ ਕਰਾ ਦਿੱਤਾ ਕਿ ਉਹਨਾਂ ਦੇ ਸਾਰੇ ਦੁੱਖਾਂ ਤਕਲੀਫਾਂ ਦਾ ਕਾਰਨ, ਉਹਨਾਂ ਦੇ ਗੁਲਾਮ ਦੇਸ਼ ਦੇ ਬਸਿੰਦੇ ਹੋਣਾ ਹੈ। ਇਸ ਲਈ ਉਹਨਾਂ ਨੂੰ ਦੇਸ਼ ਦੀ ਆਜ਼ਾਦੀ ਲਈ ਸੰਗਰਾਮ ਵਿੱਢਣ ਵਿਚ ਦੇਰ ਨਹੀਂ ਕਰਨੀ ਚਾਹੀਦੀ। ਪਹਿਲਾਂ ਤਾ ਸਥਾਨਕ ਪੱਧਰ ਤੇ ਭਾਰਤੀ ਕਾਮੇ ਸੰਗਠਿਤ ਹੋਣੇ ਸ਼ੁਰੂ ਹੋ ਗਏ ਫਿਰ ਸਾਰੀਆਂ ਇਕਾਈਆਂ ਦੀ ਸਮੂਲੀਅਤ ਵਾਲੀ, ਹਿੰਦੀ ਐਸ਼ੋਸੀਏਸ਼ਨ ਆਫ ਪੈਸੀਫਿਕ ਕਾਸਟ ਬਣਾਈ ਗਈ। ਬਾਬਾ ਜੀ ਪ੍ਰਧਾਨ, ਲਾਲਾ ਹਰਦਿਆਲ ਜਨਰਲ ਸਕੱਤਰ ਬਣੇ। ਨਵੰਬਰ 1913 ਨੂੰ ਉਰਦੂ ਵਿਚ ਅਤੇ 9 ਦਸੰਬਰ ਨੂੰ ਉਸੇ ਸਾਲ ਪੰਜਾਬੀ ਵਿਚ ਗਦਰ ਅਖਬਾਰ ਛਾਪ ਕੇ ਦੇਸ਼ ਵਿਚ ਖਾਸ਼ ਕਰਕੇ ਫੌਜੀ ਛਾਉਣੀਆਂ ਵਿਚ ਭੇਜਿਆ ਜਾਂਦਾ ਤਾਂ ਜੁ ਸਮਾਂ ਆਉਣ ਤੇ ਭਾਵ ਸੰਸਾਰ ਜੰਗ ਛਿੜਨ ਤੇ ਸੈਨਿਕਾਂ ਦੀਆਂ ਬੰਦੂਕਾਂ ਦੇ ਮੂੰਹ ਅੰਗਰੇਜ਼ਾਂ ਵਲ ਕੀਤੇ ਜਾਣ। ਕਾਮਾਗਾਟਾਮਾਰੂ 1914 ਜੁਲਾਈ ਵਿਚ ਕੈਨੇਡਾ ਦੇ ਤਟ ਤੋਂ ਵਾਪਿਸ ਮੁੜਿਆ ਜਿਸ ਵਿਚ ਭਾਰਤੀ ਮੁਸਾਫਰਾਂ ਨੂੰ ਉਤਰਨ ਦੀ ਆਗਿਆ ਦੋ ਮਹੀਨੇ ਸਮੁੰਦਰ ਵਿਚ ਭੁਖੇ ਤਿਹਾਏ ਰਹਿਣ ਬਾਅਦ ਵੀ ਨਾ ਮਿਲੀ। ਬਾਬਾ ਜੀ ਨੇ ਗੋਲੀ ਸਿੱਕਾ ਇਸ ਜਹਾਜ ਵਿਚ ਕਰਤਾਰ ਸਿੰਘ ਸਰਾਭੇ ਦੀ ਮਦਦ ਨਾਲ ਪਹੁੰਚਾ ਦਿੱਤਾ। ਕਾਮਾਗਾਟਾਮਾਰੂ ਦਾ ਸਾਕਾ ਬਜਬਜਘਾਟ ਕਲਕੱਤੇ ਵਿਚ ਵਾਪਰਿਆ। ਕਈ ਮੁਸਾਫਰ ਸ਼ਹੀਦ ਹੋਏ। ਹੌਲੇ ਹੌਲੇ ਸਾਰੇ ਪਰਵਾਸੀਆਂ ਦੀ ਛਾਣ ਬੀਣ ਕਰਕੇ ਗ੍ਰਿਫਤਾਰੀਆਂ ਕੀਤੀਆਂ ਗਈਆਂ। ਬਾਬਾ ਜੀ ਇਕ ਹੋਰ ਜਹਾਜ ਤੋਂ ਉਤਰਦੇ ਗ੍ਰਿਫਤਾਰ ਹੋ ਗਏ। ਸਰਾਭਾ ਅਤੇ ਉਹਦੇ ਸਾਥੀ ਵੱਖ ਵੱਖ ਥਾਵਾਂ ਤੇ ਗਦਰ ਦੀ ਅਸਫਲ ਕੋਸ਼ਿਸ਼ਾਂ ਕਰਨ ਬਾਅਦ ਗ੍ਰਿਫਤਾਰ ਹੋਏ। ਪਹਿਲੇ ਲਾਹੌਰ ਸਾਜਿਸ਼ ਕੇਸ ਦਾ ਮੁਕਦਮਾ ਬਾਬਾ ਜੀ, ਸਰਾਭਾ ਅਤੇ ਹੋਰ ਸਾਥੀਆਂ ਤੇ ਚਲਿਆ। ਇਸ ਵਿਚ 24 ਗਦਰੀਆਂ ਨੂੰ ਮਿਰਤੂ ਦੰਢ ਮਿਲਿਆ। ਪ੍ਰੰਤੂ ਬਾਅਦ ਵਿਚ ਸਰਾਭਾ ਤੇ ਹੋਰਾਂ ਦੀ ਫਾਂਸੀ ਸਜਾ ਬਰਕਰਾਰ ਰੱਖ ਕੇ ਬਾਬਾ ਜੀ ਸਣੇ 17 ਨੂੰ ਉਮਰ ਕੈਦ ਕਰਕੇ ਕਾਲੇ ਪਾਣੀ ਭੇਜ ਦਿੱਤਾ।

ਬਾਬਾ ਜੀ ਦੀ ਇਸ ਕਿਤਾਬ ਵਿਚ ਮਨੁੱਖੀ ਸਿਰੜ ਦੀਆਂ ਕਈ ਅਦੁੱਤੀ ਮਿਸਾਲਾਂ ਮਿਲਦੀਆਂ ਹਨ। ਉਹਨਾਂ ਦੇ ਇਕ ਗਦਰੀ ਸਾਥੀ ਬਾਬਾ ਈਸ਼ਰ ਸਿੰਘ ਮਰਹਾਣਾ ਨੂੰ ਜਦੋਂ ਉਮਰ ਕੈਦ ਕਾਲੇ ਪਾਣੀ ਦੀ ਸਜਾ ਆਪ ਨਾਲ ਸੁਣਾਈ ਗਈ, ਉਹਨਾਂ ਦੀ ਉਮਰ 70 ਸਾਲ ਦੀ ਸੀ ਭਾਵ ਉਹ ਬਾਬਾ ਜੀ ਤੋਂ 25 ਵਰ੍ਹੇ ਵੱਡੇ ਸਨ। ਉਹ 30 ਸਾਲ ਤੋਂ ਅਫੀਮ ਦੇ ਆਦੀ ਸਨ। ਸਜ਼ਾ ਸੁਣਨ ਤੋਂ ਬਾਅਦ ਅਫੀਮ ਦੀ ਡੱਬੀ ਸੁੱਟ ਦਿੱਤੀ। ਇਕ ਮਹੀਨਾ ਤੰਗ ਰਹੇ। ਫਿਰ ਸਾਰੀ ਉਮਰ ਅਫੀਮ ਜੀਭ ਤੇ ਨਹੀਂ ਧਰੀ। ਗਦਰ ਲਹਿਰ ਵਿਚ ਬਹੁਤ ਸਾਰੇ ਘੋਰ ਸ਼ਰਾਬੀ ਵੀ ਆਏ ਜਿਨਾਂ ਮੁੜਕੇ ਦਾਰੂ ਨਹੀਂ ਚੱਖੀ। ਬਾਬਾ ਜੀ ਦੇ ਜੇਹਲ ਸੰਗਰਾਮ ਦੇ ਵੇਰਵੇ ਬੜੇ ਮਾਰਮਿਕ ਹਨ। ਬਾਬਾ ਜੀ ਰਿਹਾ ਹੋਣ ਤੋਂ ਬਾਅਦ ਆਪਣੀ ਜ਼ਮੀਨ ਜੋ ਕੀਮਤਾਂ ਵਧਣ ਕਾਰਨ ਕੁਝ ਰਹਿਣ ਮੁਕਤ ਹੋ ਗਈ, ਉਸ ਵਿਚ ਕਿਰਤੀ ਕਿਸ਼ਾਨ ਆਸ਼ਰਮ ਬਣਾ ਕੇ ਬੰਦੀ ਦੇਸ਼ ਭਗਤਾਂ ਦੇ ਬੱਚਿਆਂ ਦੀ ਪਾਲਣਾ ਕਰਦੇ ਰਹੇ। ਇਸ ਕਿਤਾਬ ਵਿਚ ਬਾਬਾ ਜੀ ਦੇ ਜੀਵਨ ਦੇ ਹੋਰ ਪੱਖ ਕਿਸਾਨ ਮੋਰਚਿਆਂ, ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ, ਦੇਸ਼ ਭਗਤ ਯਾਦਗਾਰ ਹਾਲ ਦੀ ਉਸਾਰੀ ਵਿਚ ਬਾਬਾ ਜੀ ਦਾ ਯੋਗਦਾਨ, ਸੋਲ ਕੈਂਪ ਜੇਹਲ ਵਿਚ ਕਮਿਊਨਿਸਟ ਕੈਦੀਆਂ ਨਾਲ ਰਹਿਣ ਆਦਿਕ ਵਰਨਣ ਹਨ। ਬਾਬਾ ਜੀ ਸੰਕੀਰਣ ਨਹੀਂ ਸਨ। ਪਹਿਲੇ ਐਡੀਸ਼ਨ ਦੇ ਪ੍ਰਕਾਸ਼ਕ ਵਲੋਂ ਦੋ ਸ਼ਬਦ ਵਿਚ ਠੀਕ ਲਿਖਿਆ ਹੈ - ਇਹ ਰਚਨਾ "ਸੰਗਰਾਮ ਲਈ ਲਲਕਾਰ ਹੈ, ਕੁਝ ਕਰਨ ਦਾ ਸੰਦੇਸ਼ ਹੈ।

**-ਸੁਵਰਨ ਸਿੰਘ ਵਿਰਕ**

*ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200 ਸਾਲਾ ਤੇ ਵਿਸ਼ੇਸ਼*

# ਇਤਿਹਾਸ ਡੱਡੀਆਂ ਪਿੰਡ ਦਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪਰਗਟ ਹੋਣਾ

✍ **ਹਰਜਿੰਦਰ ਸਿੰਘ ਕੰਵਲ ਕਵੈਂਟਰੀ ਯੂ. ਕੇ.**

ਉਨੀਂਵੀਂ ਸਦੀ ਦੇ ਮੱਧ ਦੀ ਤਕਰੀਬਨ ਗੱਲ ਹੈ, ਸਿਆਲਕੋਟ ਦੇ ਨੇੜੇ ਤੇੜੇ ਦੇ ਪਿੰਡਾਂ ਵਿਚੋਂ ਇਕ ਪਿੰਡ ਹੈ 'ਡੱਡੀਆਂ' ਜਿਸ ਦਾ ਇਤਿਹਾਸ ਬੜਾ ਦਿਲਚਸਪ ਹੈ। ਇਥੋਂ ਦੇ ਬਜ਼ੁਰਗਾਂ ਦੀ ਜ਼ੁਬਾਨੀ ਇਹ ਅਣਛਪਿਆ ਇਤਿਹਾਸ ਦਾ ਪੱਤਰਾ ਪਾਠਕਾਂ ਦੇ ਰੂ-ਬ-ਰੂ ਕਰਦੇ ਹਾਂ।

ਦਸਦੇ ਹਨ ਕਿ ਸਿਆਲਕੋਟ ਦੇ ਨੇੜੇ ਕੁਝ ਪਿੰਡ ਐਸੇ ਹਨ ਜਿੰਨਾਂ ਵਿਚੋਂ 'ਡੱਡੀਆਂ' ਵੀ ਉਹ ਪਿੰਡ ਸੀ ਜਿਥੇ ਦੀ ਜ਼ਮੀਨ ਅਤੇ ਖੇਤਾਂ ਵਿਚ ਸਰਪਾਂ, ਗਡੋਇਆਂ ਅਤੇ ਡੱਡੀਆਂ ਦਾ ਐਨਾ ਵਾਸਾ ਸੀ ਕਿ ਪਿੰਡਾਂ ਦੇ ਲੋਕ ਇਹਨਾਂ ਤੋਂ ਇਤਨੇ ਦੁਖੀ ਹੋਏ ਹੋਏ ਸਨ ਕਿ ਜਿਸਦਾ ਅਨੁਮਾਨ ਲਾਉਣਾ ਵੀ ਮੁਸ਼ਕਿਲ ਸੀ। ਜਿਥੇ ਪਿੰਡ ਵਾਲੇ ਨਜ਼ਰ ਦੜਾਉਂਦੇ ਸਨ ਉਧਰ ਇਹ ਸਰਪ, ਡੱਡੀਆਂ ਹੀ ਉਹਨਾਂ ਨੂੰ ਨਜ਼ਰ ਆਉਂਦੇ ਸਨ। ਘਰਾਂ ਵਿਚ, ਖੇਤਾਂ ਵਿਚ ਅਤੇ ਰਾਹਾਂ ਵਿਚ ਵੀ ਇਨ੍ਹਾਂ ਦੀ ਹੀ ਭਰਮਾਰ ਸੀ। ਲੋਕਾਂ ਨੇ ਤਾਂ ਪਿੰਡ ਦਾ ਨਾਮ ਹੀ ਡੱਡੀਆਂ ਰੱਖ ਛੱਡਿਆ ਸੀ।

ਬਥੇਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਇਨ੍ਹਾਂ ਜੀਵ-ਜੰਤੂਆਂ ਤੋਂ ਛੁਟਕਾਰਾ ਨਾ ਮਿਲ ਸਕਿਆ। ਬਥੇਰੇ ਪਾਠ ਕਰਵਾਏ, ਬ੍ਰਾਹਮਣਾਂ ਤੋਂ ਹਵਨ ਆਦਿ, ਵੇਦ ਪਾਠ ਕਰਵਾਏ। ਇਥੋਂ ਤਕ ਕਿ ਤਾਂਤਰੀਆਂ ਅਤੇ ਜਾਦੂਗਰਾਂ ਕੋਲੋਂ ਵੀ ਇਹ ਬਿਪਤਾ ਦਾ ਕੋਈ ਹਲ ਨਾ ਨਿਕਲਿਆ। ਜੋਤਸ਼ਿਆਂ ਨੇ ਜੋ ਕਿਹਾ ਸੋ ਵੀ ਪਿੰਡ ਵਾਲਿਆਂ ਕੀਤਾ ਪਰ ਸਭ ਕਾਰਜ ਨਿਸ਼ਫਲ ਰਹੇ ਅਤੇ ਪਿੰਡ ਵਾਲਿਆਂ ਦੇ ਸਬਰ ਦਾ ਪਿਆਲਾ ਭਰ ਗਿਆ। ਜਦੋਂ ਉਨ੍ਹਾਂ ਨੇ ਬਿਸਤਰਿਆਂ, ਰਸੋਈਆਂ ਵਿਚ ਵੀ ਇਹ ਜੀਵ ਜੰਤੂਆਂ ਨੇ ਆਪਣਾ ਦਬ-ਦਬਾ ਪੂਰੀ ਤਰ੍ਹਾਂ ਨਾਲ ਪਾ ਕੇ ਇਨ੍ਹਾਂ ਪਿੰਡ ਵਾਸੀਆਂ ਦੇ ਨੱਕ ਵਿਚ ਦਮ ਕਰ ਦਿਤਾ।

ਆਖਰਕਾਰ ਇਕ ਜੋਤਿਸ਼ੀ ਨੇ ਦੱਸਿਆ ਕਿ ਇਨ੍ਹਾਂ ਤੋਂ ਛੁਟਕਾਰਾ ਪਾਉਣ ਦਾ ਇਕੋ ਹੀ ਇਲਾਜ ਹੈ ਕਿ 'ਸਮੇਂ ਦਾ ਦੇਹਧਾਰੀ ਸਤਿਗੁਰੂ' ਮਿਲੇ - ਉਹੋ ਹੀ ਇਸ ਗੰਭੀਰ ਮਸਲੇ ਉਤੇ ਕਾਬੂ ਪਾ ਸਕਦਾ ਹੈ।

ਪਿੰਡ ਵਾਸੀਆਂ ਦੀ ਮੁਸੀਬਤ ਹੋਰ ਵਧ ਗਈ ਕਿ ਇਹੋ ਜਿਹਾ ਮਹਾਂਪੁਰਸ਼ ਜੋ ਸਮੇਂ ਦਾ ਮਾਲਕ ਹੈ ਕਿਵੇਂ ਮਿਲੇ ? ਪਿੰਡ ਦੇ ਸਿਆਣਿਆਂ ਨੇ ਭਾਲ ਸ਼ੁਰੂ ਕਰ ਦਿੱਤੀ ਅਤੇ ਕਈ ਹੋਰ ਸਿਆਣਿਆਂ, ਭਗਤਾਂ, ਮਹਾਂਪੁਰਸ਼ਾਂ ਅਤੇ ਜੋਤਸ਼ੀਆਂ ਤੋਂ ਪੁੱਛ ਗਿੱਛ ਕੀਤੀ। ਉਨ੍ਹਾਂ ਕਿਹਾ ਕਿ ਕੋਈ ਗੁਰੂ ਨਾਨਕ ਦੀ ਗੱਦੀ ਦਾ ਵਾਰਸ ਹੀ ਇਹ ਬਿਪਤਾ ਟਾਲ ਸਕਦਾ ਹੈ, ਇਹ ਕਿਸੇ ਹੋਰ ਦੇ ਵਸ ਦਾ ਰੋਗ ਨਹੀਂ।

ਕਿਸੇ ਸਿਆਣੇ ਤੋਂ ਉਹਨਾਂ ਨੂੰ ਪਤਾ ਲਗਾ ਕਿ ਲੁਧਿਆਣੇ ਦੇ ਕੋਲ, ਕਿਸੇ ਪਿੰਡ ਵਿਚ ਕੋਈ ਤਪੱਸਵੀ ਘੋਰ ਤਪੱਸਿਆ ਦੇ ਵਿਚ ਲੀਨ ਹੈ, ਤੁਸੀਂ ਉਸ ਨੂੰ ਜਾ ਕੇ ਮਿਲੋ ਅਤੇ ਉਹ ਆਪਦੇ ਇਹ ਦੁਖੜੇ ਦੂਰ ਕਰਨਗੇ। ਪਿੰਡ ਵਾਲਿਆਂ ਭਾਲ ਕਰਨੀ ਸ਼ੁਰੂ ਕਰ ਦਿੱਤੀ ਅਤੇ ਪੁਛਦੇ ਪੁਛਾਂਦੇ ਸ੍ਰੀ ਭੈਣੀ ਸਾਹਿਬ ਪਹੁੰਚ ਗਏ ਜਿਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਫੌਜ ਦੀ ਨੌਕਰੀ ਛੱਡਣ ਤੋਂ ਬਾਅਦ ਆ ਕੇ ਸ੍ਰੀ ਭੈਣੀ ਸਾਹਿਬ ਵਿਖੇ ਅਕਾਲ ਬੁੰਗੇ ਘੋਰ ਤਪਸਿਆ ਵਿਚ ਲੀਨ ਸਨ।

ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਚ ਨਮਸਕਾਰ ਕਰਨ ਤੋਂ ਬਾਅਦ, ਪਿੰਡ ਵਾਲਿਆਂ ਆਪਣਾ ਦੁਖੜਾ ਦੱਸਿਆ। ਦਿਆਲੂ ਸਤਿਗੁਰੂ ਜੀ ਨੇ ਸਾਰੀ ਵਾਰਤਾ ਸੁਣੀ ਅਤੇ ਉਹਨਾਂ ਦੇ ਪਿੰਡ ਜਾਣ ਦਾ ਵਾਅਦਾ ਕਰ ਦਿੱਤਾ। ਕੁਝ ਦਿਨ ਬਾਅਦ ਇਕ ਪਿੰਡ ਦੇ ਆਦਮੀ ਨਾਲ ਸ੍ਰੀ ਸਤਿਗੁਰੂ ਜੀ 'ਡੱਡੀਆਂ' ਜਾ ਪਹੁੰਚੇ। ਪਿੰਡ ਦੇ ਇਕ ਕਮਾਦ ਖੇਤ ਵਿਚ ਆਪ ਗਏ ਜਿਥੇ ਬਹੁਤ ਜੀਵ ਜੰਤੂਆਂ ਦੀ ਭਰਮਾਰ ਲੱਗੀ ਹੋਈ ਸੀ। ਇਕ ਬੂਟੇ ਕੋਲ ਜਾ ਕੇ ਹਜ਼ੂਰ ਨੇ ਦਾਤਰੀ ਨਾਲ ਕੁਝ ਸੱਪ ਵਗੈਰਾ ਝਾੜੇ ਅਤੇ ਅਰਦਾਸ ਕੀਤੀ। ਬਸ ਉਸੇ ਹੀ ਦਿਨ ਤੋਂ ਪਤਾ ਨਹੀਂ ਉਹ ਜੀਵ ਜੰਤੂ ਕਿਥੇ ਛੂ-ਮੰਤਰ ਹੋ ਗਏ - ਪਿੰਡ ਵਾਲਿਆਂ ਨੂੰ ਮਸਾਂ ਹੀ ਸੁੱਖ ਦਾ ਸਾਹ ਆਇਆ।

ਜਿਸ ਤਰ੍ਹਾਂ ਮਖਣ ਸ਼ਾਹ ਲੁਬਾਣੇ ਨੇ ਗੁਰੂ ਤੇਗ ਬਹਾਦਰ ਜੀ ਨੂੰ ਪ੍ਰਗਟ ਕਰਨ ਤੋਂ ਬਾਅਦ ਹੋਕਾ ਦਿਤਾ ਸੀ ਕਿ 'ਗੁਰ ਲਾਧੋ ਰੇ' ਇਸੇ ਹੀ ਤਰ੍ਹਾਂ ਪਿੰਡ ਵਾਲਿਆਂ ਹੋਕਾ ਦਿਤਾ, 'ਹੇ ਜ਼ਮਾਨੇ ਵਾਲਿਓ, ਗੁਰੂ ਲੱਭ ਗਿਆ ਹੈ ਅਤੇ ਇਹੋ ਹੈ ਗੁਰੂ ਨਾਨਕ ਦੀ ਗੱਦੀ ਦਾ ਅਸਲ ਵਾਰਿਸ਼, ਹਾਜ਼ਰਾ ਹਜ਼ੂਰ, ਪਹਿਰੇ ਦਾ ਮਾਲਕ ਸ੍ਰੀ ਸਤਿਗੁਰੂ ਰਾਮ ਸਿੰਘ'।

ਗੁਰੂ ਜੀ ਦੀ ਸੋਭਾ ਸਾਰੇ ਇਲਾਕੇ ਵਿਚ ਫੈਲ ਗਈ ਅਤੇ ਸੰਗਤਾਂ ਉਹਨਾਂ ਦੇ ਦਰਸ਼ਨਾਂ ਨੂੰ ਉਮੜ ਪਈਆਂ। ਇਸੇ ਤਰ੍ਹਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਡੱਡੀਆਂ ਪਿੰਡ ਵਾਲਿਆਂ ਪ੍ਰਗਟ ਕੀਤਾ। ਇਹ ਸਾਖੀ ਸੰਤ ਮੋਤਾ ਸਿੰਘ (ਕਵੈਂਟਰੀ) ਨੂੰ ਪਿੰਡ ਵਾਲਿਆਂ, ਸੰਤ ਗੁਰਚਰਨ ਸਿੰਘ ਅਤੇ ਜਥੇਦਾਰ ਸੰਤ ਹਰਨਾਮ ਸਿੰਘ ਨੇ ਦਿੱਲੀ ਵਿਖੇ, ਇਕੱਠੇ ਕੰਮ ਕਰਦਿਆਂ ਦੱਸੀ ਅਤੇ ਆਪ ਜੀ ਨੇ ਮੇਰੇ ਕੋਲੋਂ ਲਿਖਵਾਈ (ਹਰਜਿੰਦਰ ਸਿੰਘ ਕਵੰਲ)। ਦਸਦੇ ਹਨ ਕਿ ਇਨ੍ਹਾਂ ਪਿੰਡਾਂ ਵਿਚ ਤਕਰੀਬਨ ਸਾਰੇ ਹੀ ਨਾਮਧਾਰੀ ਸਜ ਗਏ ਹਨ ਅਤੇ ਨਾਮਧਾਰੀ ਪਹਿਰਾਵੇ ਵਿਚ ਹੀ ਹਮੇਸ਼ਾਂ ਰਹਿੰਦੇ ਸਨ। ਇਸ ਪਿੰਡ ਦੇ ਬਹੁਤ ਸਦੱਸਯ ਇਸ ਵੇਲੇ ਦਿੱਲੀ ਵਿਖੇ ਰਹਿੰਦੇ ਹਨ।

# ਸਤਿਗੁਰੂ ਉਦੈ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਦੀ ਜੋਤ ਹੀ ਹਨ- *ਡਾ. ਵਰਿਆਮ ਸਿੰਘ ਸੰਧੂ*

**ਟੋਰਾਂਟੋ, 23 ਜੁਲਾਈ-** ਅੱਜ ਇਥੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ 'ਚ ਮਨਾਏ ਜਾ ਰਹੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਮਾਤਾ ਚੰਦ ਕੌਰ ਜੀ ਦੀ ਯਾਦ ਨੂੰ ਸਮਰਪਤ ਪ੍ਰੋਗਰਾਮਾਂ 'ਚ ਬੋਲਦਿਆਂ ਡਾ. ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਮੈਨੂੰ ਜਿਨਾਂ ਪਿਆਰ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਮਿਲਦਾ ਸੀ ਓਨਾ ਹੀ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਤੋਂ ਮਿਲ ਰਿਹਾ ਹੈ। ਸਤਿਗੁਰੂ ਉਦੈ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਦੀ ਹੀ ਜੋਤ ਹਨ।

ਸੰਧੂ ਸਾਹਿਬ ਨੇ ਕਿਹਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਤਿਗੁਰੂ ਵਾਲੇ ਗੁਣਾਂ ਦਾ ਬਿਆਨ ਕਰਨਾ ਤਾਂ ਪਰੇ ਦੀ ਗੱਲ ਹੈ ਜੇ ਉਹਨਾਂ ਦੀ ਇਨਸਾਨੀਅਤ ਵਾਲੇ ਪਾਸੇ ਹੀ ਝਾਤ ਮਾਰੀ ਜਾਏ ਤਾਂ ਉਹ ਵੀ ਬਹੁਤ ਗੁਣ ਹਨ ਜੋ ਬਿਆਨੇ ਨਹੀਂ ਜਾ ਸਕਦੇ। ਉਹ ਹਮੇਸ਼ਾਂ ਆਪਣੇ ਸਿਖ ਨਾਲ ਬੀਤੇ ਦੁੱਖ-ਸੁਖ ਦਾ ਧਿਆਨ ਰਖਦੇ ਤੇ ਮਦਦ ਪੈਣ ਤੇ ਮਦਦ ਵੀ ਕਰਦੇ। ਉਹਨਾਂ ਬਿਨਾਂ ਵਿਤਕਰੇ ਹਰੇਕ ਲੋੜਵੰਦ ਦੀ ਲੋੜ ਪੂਰੀ ਕੀਤੀ ਭਾਵੇਂ ਉਹ ਕਿਸੇ ਵੀ ਰਾਜਨੀਤਕ ਪਾਰਟੀ, ਧਰਮ, ਜਾਤ ਜਾਂ ਮਜ਼੍ਹਬ ਦਾ ਹੁੰਦਾ ਸੀ। ਸਤਿਗੁਰੂ ਜਗਜੀਤ ਸਿੰਘ ਜੀ ਇਕ ਕੋਮਲ, ਸੀਤ, ਹਸਮੁਖ ਸੁਭਾਅ ਦੇ ਮਾਲਕ ਸਨ। ਸਭਨੂੰ ਪਿਆਰ ਕਰਦੇ ਤੇ ਜਿਹੜਾ ਇਕ ਵਾਰ ਵੀ ਉਹਨਾਂ ਦੇ ਪਿਆਰ ਦੇ ਕਲਾਵੇ ਵਿਚ ਆ ਜਾਂਦਾ ਉਹ ਸਮਝਦਾ ਕਿ ਸਭ ਤੋਂ ਵਧ ਸ਼ਾਇਦ ਮੈਨੂੰ ਹੀ ਪਿਆਰ ਕਰਦੇ ਹਨ।

ਇਕ ਵੇਰ ਸਤਿਗੁਰੂ ਜੀ ਸਰੀਰ ਕਰਕੇ ਕੁਝ ਠੀਕ ਨਹੀਂ ਸਨ ਸ੍ਰੀ ਭੈਣੀ ਸਾਹਿਬ ਹੀ ਨਿਵਾਸ ਸੀ। ਡਾਕਟਰਾਂ ਦੀ ਰਾਇ ਸੀ ਕਿ ਆਪ ਜੀ ਕਥਾ, ਕੀਰਤਨ, ਨਾਮ ਸਿਮਰਨ 'ਚ ਬੈਠ ਸਕਦੇ ਹੋ, ਸਾਧ ਸੰਗਤ ਨੂੰ ਦਰਸ਼ਨ ਦੇ ਸਕਦੇ ਹੋ ਪਰ ਬੋਲਣਾ ਨਹੀਂ। ਕੁਝ ਪਹਿਰੇਦਾਰਾਂ ਨੂੰ ਵੀ ਪ੍ਰਬੰਧਕਾਂ ਵਲੋਂ ਸਖਤ ਹਿਦਾਇਤਾਂ ਹੋ ਗਈਆਂ ਕਿ ਜ਼ਿਆਦਾ ਦੇਰ ਕਿਸੇ ਨੂੰ ਕੋਲ ਵੀ ਨਹੀਂ ਖਲੋਣ ਦੇਣਾ। ਸੋ ਏਸੇ ਤਰ੍ਹਾਂ ਹੀ ਹੋਇਆ। ਸੰਤ ਹਰੀ ਸਿੰਘ ਵਡਾਣੀਆਂ ਤੇ ਮਾਸਟਰ ਅਮਰੀਕ ਸਿੰਘ ਦਰਸ਼ਨ ਕਰਨ ਆਏ ਤੇ ਸੰਤ ਹਰੀ ਸਿੰਘ ਜੀ ਮੱਥਾ ਟੇਕ ਚਰਨ ਫੜ ਲਏ ਪਰ ਸਤਿਗੁਰੂ ਜੀ ਨਾਂ ਬੋਲੇ ਤੇ ਸੰਤ ਹਰੀ ਸਿੰਘ ਜੀ ਅਰਜ਼ ਕੀਤੀ ਸੱਚੇ ਪਾਤਸ਼ਾਹ ਡਾਕਟਰਾਂ ਨੇ ਬੋਲਣਾ ਮੰਨ੍ਹਾ ਕੀਤਾ ਹੈ ਹੱਸਣਾ ਤੇ ਮੰਨ੍ਹਾਂ ਨਹੀਂ। ਇਹ ਸੁਣਕੇ ਸਤਿਗੁਰੂ ਜੀ ਇਹਨਾਂ ਖਿੜਖਿੜਾ ਕੇ ਹੱਸੇ ਕਿ ਸਭ ਹੈਰਾਨ ਹੋ ਗਏ ਕਿ ਡਾਕਟਰਾਂ ਨੇ ਤਾਂ ਬੋਲਣਾ ਵੀ ਮੰਨ੍ਹਾ ਕੀਤਾ ਹੋਇਆ ਹੈ ਪਰ ਆਪ ਜੀ ਤਾਂ ਖਿੜਖਿੜਾ ਕੇ ਹੱਸ ਰਹੇ ਹਨ। ਇਹ ਸੀ ਇਕ ਉਦਾਹਰਨ ਪ੍ਰੇਮ ਅਗੇ ਨੇਮ ਨਹੀਂ।

ਅੰਤ ਤੇ ਸੰਧੂ ਸਾਹਿਬ ਨੇ ਫਿਰ ਕਿਹਾ ਕਿ ਸਤਿਗੁਰੂ ਉਦੈ ਸਿੰਘ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹੀ ਜੋਤ ਹਨ ਉਹਨਾਂ ਦਾ ਹੀ ਰੂਪ ਦਿਸਦੇ ਹਨ।

**ਗੁਰਦੀਪ ਸਿੰਘ ਨਾਮਧਾਰੀ, ਕਨੇਡਾ**

# ਸ੍ਰੀ ਮਾਤਾ ਚੰਦ ਕੌਰ ਜੀ ਨੇ ਨਾਮਧਾਰੀ ਪੰਥ ਨੂੰ ਤਲੀਆਂ ਦੇ ਕੇ ਉਪਰ ਚੁੱਕਿਆ

## *-ਸ. ਵਰਿਆਮ ਸਿੰਘ ਸੰਧੂ*

ਟੋਰਾਂਟੋ, ੨੩ ਜੁਲਾਈ- ਅੱਜ ਏਥੇ ਨਾਮਧਾਰੀ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਾਤਾ ਚੰਦ ਕੌਰ ਜੀ ਦੀ ਯਾਦ ਨੂੰ ਸਮਰਪਤ ਸਮਾਗਮ 'ਚ ਆਪਣੇ ਵਿਚਾਰ ਪੇਸ਼ ਕਰਦਿਆਂ ਸ. ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਮਾਤਾ ਚੰਦ ਕੌਰ ਜੀ ਦਾ ਜੀਵਨ ਸਿਧਾ ਸਾਦਾ ਤੇ ਸੇਵਾ ਭਾਵਨਾ ਨੂੰ ਸਮਰਪਿਤ ਸੀ। ਉਹਨਾਂ ਨੇ ਨਾਮਧਾਰੀ ਪੰਥ ਨੂੰ ਤਲੀਆਂ ਦੇ ਕੇ ਉਪਰ ਚੁਕਿਆ। ਉਹਨਾਂ ਨੇ ਇਹ ਵੀ ਕਿਹਾ ਕਿ ਧਰਤੀ ਦੇ ਥਲੇ ਪਹਿਲਾਂ ਧੌਲ ਸੀ, ਫਿਰ ਧਰਮ ਸੀ ਤੇ ਹੁਣ ਸਾਡੀ ਮਾਂ ਹੈ।

ਉਹਨਾਂ ਨੇ ਕਿਹਾ ਜਦੋਂ ਵੀ ਸ੍ਰੀ ਭੈਣੀ ਸਾਹਿਬ ਜਾਣ ਦਾ ਮੌਕਾ ਮਿਲਦਾ ਤੇ ਮਾਤਾ ਜੀ ਦੇ ਦਰਸ਼ਨ ਕਰਕੇ ਮਨ ਨੂੰ ਸ਼ਾਂਤੀ ਮਿਲਦੀ। ਉਹਨਾਂ ਵਰਗੀ ਸਾਦਗੀ, ਸ਼ਾਂਤ ਸੁਭਾਅ ਤੇ ਸੇਵਾ ਭਾਵਨਾ ਹੋਰ ਕਿਧਰੋਂ ਨਹੀਂ ਮਿਲਦੀ। ਉਹਨਾਂ ੧੯ਵੀਂ ਸਦੀ ਦੇ ਸਿੱਖ ਦਾ ਕਿਰਦਾਰ ਪੇਸ਼ ਕਰਦੇ ਕਿਹਾ ਕਿ ਉਹ ਦੁਸ਼ਮਨ ਨਾਲ ਲੜਦੇ ਵੀ ਸਨ, ਲੜਾਈਆਂ, ਜੰਗ-ਯੁੱਧ ਵੀ ਹੋਏ ਪਰ ਉਹ ਕਿਸੇ ਬੱਚੇ, ਬੁਢੇ ਜਾਂ ਧੀ ਭੈਣ, ਮਾਂ ਤੇ ਵਾਰ ਨਹੀਂ ਸਨ ਕਰਦੇ ਸਗੋਂ ਉਹਨਾਂ ਨੂੰ ਸਤਿਕਾਰ ਦੇਂਦੇ ਤੇ ਜੇ ਕਿਧਰੇ ਕਿਸੇ ਔਰਤ ਨੂੰ ਮਦਦ ਦੀ ਲੋੜ ਵੀ ਪਈ ਤਾਂ ਉਹਨਾਂ ਦੀ ਮਦਦ ਆਪਣੀ ਜਾਨ ਖਤਰੇ 'ਚ ਪਾ ਕੇ ਵੀ ਕਰਦੇ ਤੇ ਉਹਨਾਂ ਚਿਰ ਉਹਨਾਂ ਦੇ ਮਨ ਨੂੰ ਚੈਨ ਨਹੀਂ ਸੀ ਆਉਂਦਾ ਜਿਨਾਂ ਚਿਰ ਉਹ ਔਰਤ ਸਹੀ ਟਿਕਾਣੇ ਤੇ ਨਹੀਂ ਸੀ ਪਹੁੰਚ ਜਾਂਦੀ।

ਉਹਨਾਂ ਮਾਤਾ ਜੀ ਤੇ ਹੋਏ ਕਾਤਲਾਨਾ ਘਿਨਾਉਣੇ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਕਿ ਜਿਨਾਂ ਨੇ ਵੀ ਇਹ ਕੁਝ ਕੀਤਾ ਉਹਨਾਂ ਦਾ ਕੋਈ ਕਿਰਦਾਰ ਨਹੀਂ। ਉਹ ਇਨਸਾਨ ਕਹਾਉਣ ਦੇ ਹਕਦਾਰ ਵੀ ਨਹੀਂ ਹਨ। **-ਗੁਰਦੀਪ ਸਿੰਘ ਨਾਮਧਾਰੀ**

# ਮੇਰੀ ਖੁਸ਼ਕਿਸਮਤੀ ਹੈ ਕਿ ਮੈਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200ਵੇਂ ਪ੍ਰਕਾਸ਼ ਵਰ੍ਹੇ ਦੇ ਸਮਾਗਮ ਵਿਚ ਸ਼ਾਮਿਲ ਹੋਇਆ ਹਾਂ *-ਦਿਨੇਸ਼ ਭਾਟੀਆ*

**ਟੋਰਾਂਟੋ, ੨੪ ਜੁਲਾਈ-** ਅੱਜ ਏਥੇ ਨਾਮਧਾਰੀ ਸੰਗਤ ਵਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ੨੦੦ਵੇਂ ਪ੍ਰਕਾਸ਼ ਵਰ੍ਹੇ ਨੂੰ ਸਮਰਪਿਤ ਸਮਾਗਮ 'ਚ ਪਹੁੰਚੇ ਵਿਸ਼ੇਸ਼ ਮਹਿਮਾਨ ਸ੍ਰੀ ਦਿਨੇਸ਼ ਭਾਟੀਆ 'ਇੰਡੀਅਨ ਕਾਂਸਲੇਟ ਜਨਰਲ' ਨੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ ਸਾਧ ਸੰਗਤ ਨੂੰ ਸੰਬੋਧਨ ਹੁੰਦਿਆ ਆਖਿਆ ਕਿ ਮੇਰੀ ਬੜੀ ਖੁਸ਼ਕਿਸਮਤੀ ਹੈ ਕਿ ਮੈਂ ਅੱਜ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ੨੦੦ਵੇਂ ਪ੍ਰਕਾਸ਼ ਵਰ੍ਹੇ ਤੇ ਸਮਾਗਮ ਵਿਚ ਸ਼ਾਮਿਲ ਹੋਇਆ ਹਾਂ।

ਆਪ ਨੇ ਆਪਣੇ ਸ਼ਬਦਾਂ ਨੂੰ ਵਿਸਥਾਰ ਦਿੰਦਿਆਂ ਕਿਹਾ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਮੈਂ ਛੋਟੇ ਹੁੰਦਿਆਂ ਸੁਣਿਆ ਕਰਦਾ ਸੀ ਦਿੱਲੀ 'ਚ ਜਿਥੇ ਕੀਰਤੀ ਨਗਰ 'ਚ ਇਕ ਸੜਕ ਦਾ ਨਾਂ 'ਸਤਿਗੁਰੂ ਰਾਮ ਸਿੰਘ ਮਾਰਗ' ਹੈ ਜਿਸਨੂੰ ਪਹਿਲਾਂ ਅਸੀ ਰਾਮਾ ਮਾਰਗ ਵੀ ਕਹਿੰਦੇ ਸੀ। ਪੜਾਈ ਕਰਦਿਆਂ ਇਕ ਚੈਪਟਰ ਸਾਨੂੰ 'ਕੂਕਾ ਮੂਵਮੈਂਟ' ਬਾਰੇ ਵੀ ਆਇਆ ਜਿਸਨੂੰ ਪੜ੍ਹ ਕੇ ਪਤਾ ਲਗਾ ਕਿ ਸਤਿਗੁਰੂ ਰਾਮ ਸਿੰਘ ਜੀ ਉਹ ਸਖਸ਼ੀਅਤ ਹਨ ਜਿਨਾਂ ਨੇ ਦੇਸ਼, ਧਰਮ ਤੇ ਗਊ ਗਰੀਬ ਦੀ ਖਾਤਰ ਅੰਗਰੇਜ਼ੀ ਸਰਕਾਰ ਨਾਲ ਟਕਰ ਲਈ। ਦੇਸ਼ ਆਜ਼ਾਦੀ ਦੀ ਖਾਤਰ ਕੂਕੇ ਸਿੰਘ ਥਾਂ ਥਾਂ ਸ਼ਹੀਦ ਹੋਏ ਅਤੇ ਸਤਿਗੁਰੂ ਜੀ ਨੂੰ ਜਲਾਵਤਨ ਕੀਤਾ ਗਿਆ।

ਭਾਟੀਆ ਜੀ ਨੇ ਹੋਰ ਕਿਹਾ ਕਿ ਬੰਦਾਂ ਉਹਨਾਂ ਚਿਰ ਜੀਵਤ ਹੁੰਦਾ ਹੈ ਜਿਨਾਂ ਚਿਰ ਦੁਨੀਆਂ 'ਚ ਉਸਨੂੰ ਯਾਦ ਕੀਤਾ ਜਾਂਦਾ ਹੈ। ਪਰ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਕੀਤੇ ਗਏ ਦੇਸ਼, ਧਰਮ ਤੇ ਸਮਾਜ ਲਈ ਕੰਮ ਕਰਕੇ ਰਹਿੰਦੀ ਦੁਨੀਆਂ ਤਕ ਯਾਦ ਕੀਤਾ ਜਾਇਆ ਕਰੇਗਾ। ਉਹਨਾਂ ਹੋਰ ਕਿਹਾ ਕਿ ਅਸੀਂ ਭਾਵੇਂ ਕਨੇਡਾ 'ਚ ਭਾਰਤ ਤੋਂ ਬਹੁਤ ਦੂਰ ਬੈਠੇ ਹਾਂ ਪਰ ਸਾਨੂੰ ਆਪਣੇ ਧਰਮ ਨਾਲ, ਸਮਾਜ ਨਾਲ, ਆਪਣੇ ਵਿਰਸੇ ਨਾਲ ਜੁੜੇ ਰਹਿਣਾ ਚਾਹੀਦਾ ਹੈ। ਅਜਿਹੇ ਸਮਾਗਮ ਸਾਨੂੰ ਇਹਨਾਂ ਨਾਲ ਜੋੜਦੇ ਹਨ।

# ਅਨੰਦ ਕਾਰਜ

**ਟੋਰਾਂਟੋ, ੨੪ ਜੁਲਾਈ-**ਅੱਜ ਇਥੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ ਆਸਾ ਦੀ ਵਾਰ ਉਪਰੰਤ ਨੌਜਵਾਨ ਗੁਰਮੁੱਖ ਸਿੰਘ ਪੁੱਤਰ ਮਸਤਾਨਾ ਰੇਸ਼ਮ ਸਿੰਘ ਦਾ ਅਨੰਦ ਕਾਰਜ ਬੀਬੀ ਰੀਨਾ ਸਿੰਘ ਪੁੱਤਰੀ ਸ੍ਰ. ਮਨਜੀਤ ਸਿੰਘ ਨਾਲ ਹੋਇਆ।

**-ਗੁਰਦੀਪ ਸਿੰਘ ਨਾਮਧਾਰੀ**

# ਗੁਰੂ ਅੰਸ਼ ਹੋਣਾ ਮਹੱਤਵਪੂਰਨ ਨਹੀਂ ਗੁਰੂ ਅਨੁਸਾਰੀ ਹੋਣਾ ਮਹੱਤਵਪੂਰਨ ਹੈ-*ਸਵਰਨ ਸਿੰਘ ਵਿਰਕ*

**ਟੋਰਾਂਟੋ, ੨੩ ਜੁਲਾਈ-**ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਕਨੇਡਾ ਦੌਰੇ ਸਮੇਂ ਅੱਜ ਏਥੇ ਆਸਾ ਦੀ ਵਾਰ ਉਪਰੰਤ ਇੰਡੀਆ ਤੋਂ ਆਏ ਸ. ਸਵਰਨ ਸਿੰਘ ਵਿਰਕ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਇਤਿਹਾਸ ਨੂੰ ਦੁਹਰਾਉਂਦਿਆਂ ਹੋਇਆਂ ਸਬੂਤ ਪੇਸ਼ ਕਰਦਿਆਂ ਦੱਸਿਆ ਕਿ ਗੁਰ ਇਤਿਹਾਸ ਅਨੁਸਾਰ "ਗੁਰੂ ਅੰਸ਼ ਹੋਣਾ ਮਹੱਤਵਪੂਰਨ ਨਹੀਂ, ਗੁਰੂ ਅਨੁਸਾਰੀ ਹੋਣਾ ਮਹੱਤਵਪੂਰਨ ਹੈ।"

ਗੁਰਗੱਦੀ ਦੀ ਗੱਲ ਕਰਦਿਆਂ ਆਪਨੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦੇ ਪੁੱਤਰਾਂ ਨੇ ਬਚਨ ਨਹੀਂ ਮੰਨਿਆ ਤੇ ਗੱਦੀ ਭਾਈ ਲਹਿਣਾ ਜੋ ਸੇਵਾਦਾਰ ਸੀ ਉਹ ਲੈ ਗਿਆ। ਗੁਰੂ ਅੰਗਦ ਦੇਵ ਜੀ ਦੇ ਪੁੱਤਰ ਵੀ ਗੱਦੀ ਨਹੀਂ ਲੈ ਸਕੇ, ਏਸੇ ਤਰ੍ਹਾਂ ਗੁਰੂ ਅਮਰਦਾਸ ਜੀ ਦੇ ਪੁੱਤਰ ਵੀ ਗੱਦੀ ਤੋਂ ਵਾਂਝੇ ਰਹਿ ਗਏ। ਏਸੇ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਵੱਡੇ ਪੁੱਤਰ ਗੱਦੀ ਨਹੀਂ ਲੈ ਸਕੇ ਤੇ ਗੁਰੂ ਅਰਜਨ ਦੇਵ ਜੀ ਛੋਟੇ ਹੁੰਦਿਆਂ ਹੋਇਆਂ ਗੱਦੀ ਦੇ ਮਾਲਕ ਬਣੇ। ਵਿਰਕ ਜੀ ਨੇ ਕਿਹਾ ਕਿ '***ਜਿਨ ਪਾਈ ਸੇਵਾ ਤੇ ਪਾਈ।।***' ਹੁਣ ਵੀ ਵਰਤਮਾਨ ਸਤਿਗੁਰੂ ਜੀ, ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮਾਂ ਦੀ ਪਾਲਣਾ ਕਰਨ ਕਰਕੇ ਹੀ ਗੱਦੀ ਦੇ ਮਾਲਕ ਬਣੇ ਹਨ। ਸਾਨੂੰ ਇਹਨਾਂ ਦੇ ਹੁਕਮ 'ਚ ਰਹਿਕੇ ਇਹਨਾਂ ਅਨੁਸਾਰ ਚਲਕੇ ਆਪਣਾ ਜਨਮ ਸਫਲਾ ਕਰਨਾ ਚਾਹੀਦਾ ਹੈ।

# ਨਾਮਧਾਰੀਆਂ ਨੂੰ ਚੜਿਆ ਹੈ ਨਾਮ ਦਾ ਰੰਗ ਲੋਕੋ

**ਹਰਭਜਨ ਸਿੰਘ ਰਤਨ**

*ਨਾਮਧਾਰੀਆਂ ਨੂੰ ਚੜ੍ਹਿਆ ਹੈ ਨਾਮ ਦਾ ਰੰਗ ਲੋਕੋ।*
*ਸਤਿਗੁਰੂ ਰਾਮ ਸਿੰਘ ਏਨਾਂ ਦੇ ਸਦਾ ਅੰਗ ਸੰਗ ਲੋਕੋ।*

*ਚੜੀਆ ਏਨਾਂ ਨੂੰ ਨਾਮ ਖੁਮਾਰੀਆਂ।*
*ਦੇਸ ਕੌਮ ਨਾਲ, ਏਨਾਂ ਦੀਆਂ ਯਾਰੀਆਂ।*

*ਦੇਸ਼ ਪਿਆਰ ਭਰਿਆ ਏ, ਏਨਾਂ ਦੇ ਵਿਚ ਅੰਗ ਅੰਗ ਲੋਕੋ।*
*ਸਤਿਗੁਰੂ ਰਾਮ ਸਿੰਘ ਏਨਾਂ ਦੇ ਸਦਾ ਅੰਗ ਸੰਗ ਲੋਕੋ।*

*ਜਦੋਂ ਗਊਆਂ ਵਿਚਾਰੀਆਂ ਪੁਕਾਰੀਆਂ।*
*ਏਹਨਾਂ ਅਣਖੀਆਂ ਨੇ, ਜਾਨਾਂ ਵਾਰੀਆਂ।*

*ਢੰਗ ਕੁਰਬਾਨੀਆਂ ਦਾ, ਤਕ ਕੇ ਜਹਾਨ ਹੋਇਆ ਦੰਗ ਲੋਕੋ।*
*ਸਤਿਗੁਰੂ ਰਾਮ ਸਿੰਘ ਏਨਾਂ ਦੇ ਸਦਾ ਅੰਗ ਸੰਗ ਲੋਕੋ।*

*ਜਦੋਂ ਤੋਪਾਂ ਦੇ ਸਾਹਮਣੇ ਖੜੋ ਗਏ।*
*ਮੌਤ ਕੰਬੀ ਤੇ ਤਾਰੇ ਭੀ ਰੋ ਪਏ।*

*ਧਰਤੀ ਭੀ ਡੋਲੀ ਤਕ, ਜਬਰ ਤੇ ਸਬਰ ਦਾ ਜੰਗ ਲੋਕੋ।*
*ਸਤਿਗੁਰੂ ਰਾਮ ਸਿੰਘ ਏਨਾਂ ਦੇ ਸਦਾ ਅੰਗ ਸੰਗ ਲੋਕੋ।*

*ਇਹ ਆਜ਼ਾਦੀ ਦੇ ਹੈਨ ਪ੍ਰਵਾਨੇ।*
*ਦੇਸ਼ ਕੌਮ ਲਈ ਹੋਏ ਨੇ ਦੀਵਾਨੇ।*

*ਰਾਜੇ ਵੀ ਨੇ ਯੋਗੀ ਵੀ ਨੇ, ਗ੍ਰਿਹਸਤੀ ਤੇ ਨਾਲੇ ਮਲੰਗ ਲੋਕੋ।*
*ਸਤਿਗੁਰੂ ਰਾਮ ਸਿੰਘ ਏਨਾਂ ਦੇ ਸਦਾ ਅੰਗ ਸੰਗ ਲੋਕੋ।*

*ਚੀਨੀ ਵਾਲਾ ਆਵੇ, ਇਕ ਵਾਰ ਜੀ।*
*ਹੋਵੇ ਮੁੜਕੇ ਉਹਦਾ ਦੀਦਾਰ ਜੀ।*

*ਹਰ ਨਾਮਧਾਰੀ ਦੇ ਦਿਲ ਵਿਚ ਹੈ ਏਹੋ ਉਮੰਗ ਲੋਕੋ।*
*ਨਾਮਧਾਰੀਆਂ ਨੂੰ ਚੜ੍ਹਿਆ ਹੈ ਨਾਮ ਦਾ ਰੰਗ ਲੋਕੋ।*

*ਮੂੰਹ ਤੇ ਰਾਮ ਅਤੇ ਹਰੀ ਦਾ ਹੀ ਜਾਪ ਹੈ।*
*ਜਿਸਦਾ 'ਰਤਨ' ਵਡਾ ਪ੍ਰਤਾਪ ਹੈ।*

*ਜਗਜੀਤ ਜਿਤਿਆ ਹੈ ਜਗ ਨੂੰ, ਇਹ ਕਹੀਏ ਨਿਸੰਗ ਲੋਕੋ।*
*ਸਤਿਗੁਰੂ ਰਾਮ ਸਿੰਘ ਏਨਾਂ ਦੇ ਸਦਾ ਅੰਗ ਸੰਗ ਲੋਕੋ।*

*ਨਾਮਧਾਰੀਆਂ ਨੂੰ ਚੜ੍ਹਿਆ ਹੈ ਨਾਮ ਦਾ ਰੰਗ ਲੋਕੋ।*
*ਸਤਿਗੁਰੂ ਰਾਮ ਸਿੰਘ ਏਨਾਂ ਦੇ ਸਦਾ ਅੰਗ ਸੰਗ ਲੋਕੋ।*

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17



ਟਰਾਂਟੋ ਕਨੇਡਾ ਵਿਖੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਸਾਧ-ਸੰਗਤ ਨੂੰ ਦਰਸ਼ਨ ਦੀਦਾਰੇ ਬਖ਼ਸ਼ ਨਿਹਾਲ ਕਰਨ ਦੀ ਕ੍ਰਿਪਾ ਕੀਤੀ ਹਜ਼ੂਰੀ ਵਿੱਚ ਰਾਗੀ ਬਲਵੰਤ ਸਿੰਘ ਜਥੇ ਸਮੇਤ ਕੀਰਤਨ ਕਰਦੇ ਹੋਏ ।





ਅਮਰੀਕਾ ਵਿਖੇ ਸ੍ਰੀ ਸਤਿਗੁਰੂ ਜੀ ਵਲੋਂ ਲੰਮੇ ਸਮੇਂ ਤੋਂ ਇੰਤਜਾਰ ਕਰਦੀ ਸੰਗਤ ਦੇ ਮਨਾਂ ਵਿੱਚ ਠੰਢ ਪਾਉਂਣ ਦੀ ਕਿਰਪਾ ।





ਸਾਊਥਾਲ ਯੂ.ਕੇ. ਵਿਖੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੇਲੇ ਸਮੇਂ ਉਸਤਾਦ ਹਰਭਜਨ ਸਿੰਘ, ਉਸਤਾਦ ਗੁਰਦੇਵ ਸਿੰਘ ਅਤੇ ਉਸਤਾਦ ਕਿਰਨਪਾਲ ਸਿੰਘ (ਤਬਲਾ) ਸ਼ਬਦ ਗਾਇਨ ਕਰਦੇ ਹੋਏ ।
ਹੇਠਾਂ ਕਾਕਾ ਅਰਜਨ ਸਿੰਘ, ਕ੍ਰਿਸ਼ਨ ਸਿੰਘ ਸੱਚੇ ਪਾਤਸ਼ਾਹ ਜੀ ਬਾਰੇ ਆਪਣੀ ਕਵਿਤਾ ਪੇਸ਼ ਕਰਦੇ ਹੋਏ ।

ਪ੍ਰਣਾਮ ਸ਼ਹੀਦਾਂ ਨੂੰ ਪ੍ਰਣਾਮ ਸ਼ਹੀਦਾਂ ਨੂੰ ਪ੍ਰਣਾਮ ਸ਼ਹੀਦਾਂ ਨੂੰ ਪ੍ਰਣਾਮ ਸ਼ਹੀਦਾਂ ਨੂੰ ਪ੍ਰਣਾਮ ਸ਼ਹੀਦਾਂ ਨੂੰ ਪ੍ਰਣਾਮ ਸ਼ਹੀਦਾਂ ਨੂੰ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥

## ਪਰਮ ਪੂਜਯ
## ਸ੍ਰੀ ਸਤਿਗੁਰੂ ਉਦੈ ਸਿੰਘ ਜੀ



ਦੀ ਛਤਰ ਛਾਇਆ ਹੇਠ
ਦੇਸ਼ ਦੀ ਅਜ਼ਾਦੀ ਲਈ ਸ਼ਹੀਦ ਹੋਣ ਵਾਲੇ ਮਹਾਨ ਸ਼ਹੀਦ
ਜਿਨ੍ਹਾਂ ਨੂੰ ਅੰਗਰੇਜੀ ਹਕੂਮਤ ਵੱਲੋਂ ਬਗਾਵਤ ਦੇ ਦੋਸ਼ ਹੇਠ
5 ਅਗਸਤ, 1871 ਈ: ਨੂੰ ਰਾਏਕੋਟ ਵਿਖੇ ਸ਼ਰੇਆਮ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਸੀ
ਸ਼ਹੀਦ ਸੰਤ ਗੁਰਮੁਖ ਸਿੰਘ, ਸੰਤ ਮੰਗਲ ਸਿੰਘ ਅਤੇ ਸੰਤ ਮਸਤਾਨ ਸਿੰਘ
ਉਨ੍ਹਾਂ ਸ਼ਹੀਦਾਂ ਦੀ ਯਾਦ ਵਿੱਚ

# ਮਹਾਨ ਨਾਮਧਾਰੀ ਸ਼ਹੀਦੀ ਸਮਾਗਮ

**ਮਿਤੀ 10 ਅਗਸਤ, 2016 ਦਿਨ ਬੁੱਧਵਾਰ**

ਸਥਾਨ : ਨਾਮਧਾਰੀ ਸ਼ਹੀਦੀ ਸਮਾਰਕ, ਗੁਰੂ ਨਾਨਕ ਪੁਰਾ, ਟੈਲੀਫੋਨ ਐਕਸਚੇਂਜ ਦੇ ਪਿੱਛੇ, ਜਲਾਲਦੀਵਾਲ ਰੋਡ, ਰਾਏਕੋਟ

### ਪ੍ਰੋਗਰਾਮ

ਆਸਾ ਦੀ ਵਾਰ........................ਸਵੇਰੇ 4:30 ਵਜੇ ਅੰਮ੍ਰਿਤ ਵੇਲੇ
ਹੱਲੇ ਦੇ ਦੀਵਾਨ, ਕਥਾ......................ਸਵੇਰੇ 9 ਵਜੇ ਤੋਂ ਨਿਰੰਤਰ
ਸ਼ਰਧਾਂਜਲੀ ਸਮਾਗਮ..............ਦੁਪਹਿਰ 12 ਵਜੇ ਤੋਂ 3 ਵਜੇ ਤੱਕ

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਸਮੂਹ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਨੇਤਾਗਣ ਅਤੇ ਵਿਦਵਾਨ, ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨਗੇ । ਸਭਨਾਂ ਨੂੰ ਪਹੁੰਚਣ ਲਈ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ।

ਪ੍ਰਾਰਥਕ :
## ਵਿਸ਼ਵ ਨਾਮਧਾਰੀ ਸੰਗਤ, ਸ੍ਰੀ ਭੈਣੀ ਸਾਹਿਬ
ਸੰਪਰਕ ਨੰ. 98722-13113, 98765-37000, 98767-07197, 94170-93069, 94642-73330, 98884-85974

Subscriber's Address

Type setting by: CADCON
Designed by : Jaswant Graphics

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਨ ਦਾ ਸਮਾਂ-ਸਵੇਰੇ 5.44 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 7.10 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Summit Advertising Press, 2 DLF (Part), Moti Nagar, New Delhi-110015 and published from Namdhari Gurdwara, Ramesh Nagar, New Delhi-110015. Editor-Harvendra Singh Hanspal.
Telephone no : 011-40519403, Email : satjugweekly@gmail.com
Issue No. 22 of 4August 2016